Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



To view our online newspaper visit punjabipost.ca/epaper | Vol 21* Issue 51 | Tuesday, March 15, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ


## ਅਪਰੈਲ ਤੋਂ ਫੈਡਰਲ ਘੱਟ ਤੋਂ ਘੱਟ ਉਜਰਤਾਂ ਵਿੱਚ 15.55 ਡਾਲਾਰ ਪ੍ਰਤੀ ਘੰਟੇ ਦਾ ਹੋਵੇਗਾ ਵਾਧਾ



ਟੋਰਾਂਟੋ, 14 ਮਾਰਚ (ਪੋਸਟ ਬਿਊਰੋ) : ਇੰਪਲੌਇਮੈਂਟ ਐਂਡ ਸੋਸ਼ਲ ਮੀਡੀਆ ਡਿਵੈਲਪਮੈਂਟ ਕੈਨੇਡਾ (ਈਐਸਡੀਸੀ) ਵੱਲੋਂ ਐਲਾਨ ਕੀਤਾ ਗਿਆ ਹੈ ਕਿ ਘੱਟ ਤੋਂ ਘੱਟ ਫੈਡਰਲ ਉਜਰਤਾਂ ਵਿੱਚ 15 ਤੋਂ 15.55 ਡਾਲਰ ਪ੍ਰਤੀ ਘੰਟਾ ਦਾ ਵਾਧਾ ਹੋਵੇਗਾ। ਇਹ ਵਾਧਾ ਪਹਿਲੀ ਅਪਰੈਲ 2022 ਤੋਂ ਦਰਜ ਕੀਤਾ ਜਾਵੇਗਾ।

ਇਹ ਫੈਡਰਲ ਵਾਧਾ ਸਿਰਫ ਉਨ੍ਹਾਂ ਮੁਲਾਜ਼ਮਾਂ ਉੱਤੇ ਹੀ ਲਾਗੂ ਹੋਵੇਗਾ ਜਿਹੜੇ ਫੈਡਰਲ ਪੱਧਰ ਉੱਤੇ ਨਿਯੰਤਰਿਤ ਇੰਡਸਟਰੀਜ਼ ਜਿਵੇਂ ਕਿ ਬੈਂਕ, ਪੋਸਟਲ ਸਰਵਿਸਿਜ਼, ਇੰਟਰਪ੍ਰੋਵਿੰਸ਼ੀਅਲ ਟਰਾਂਸਪੋਰਟੇਸ਼ਨ ਤੇ ਫੈਡਰਲ ਕ੍ਰਾਊਨ ਕਾਰਪੋਰੇਸ਼ਨਜ਼ ਵਿੱਚ ਕੰਮ ਕਰਦੇ ਹਨ। ਜਿਹੜੇ ਮੁਲਾਜ਼ਮ ਉਨ੍ਹਾਂ ਇੰਡਸਟਰੀਜ਼ ਵਿੱਚ ਕੰਮ ਕਰਦੇ ਹਨ ਜਿਹੜੇ ਫੈਡਰਲ ਸਰਕਾਰ ਵੱਲੋਂ ਨਿਯੰਤਰਿਤ ਨਹੀਂ ਹਨ ਉਨ੍ਹਾਂ ਉੱਤੇ ਪ੍ਰੋਵਿੰਸ਼ੀਅਲ ਘੱਟ ਤੋਂ ਘੱਟ ਵੇਜ ਲਾਗੂ ਰਹਿਣਗੇ।

ਈਐਸਡੀਸੀ ਦਾ ਕਹਿਣਾ ਹੈ ਕਿ 55 ਸੈਂਟ ਘੱਟ ਤੋਂ ਘੱਟ ਉਜਰਤਾਂ ਵਿੱਚ ਵਾਧਾ 2021 ਤੋਂ ਸਾਲਾਨਾ ਔਸਤ ਕੰਜ਼ਿਊਮਰ ਪ੍ਰਾਈਸ ਇੰਡੈਕਸ ਵਿੱਚ 3.4 ਫੀ ਸਦੀ ਦੇ ਵਾਧੇ ਨੂੰ ਦਰਸਾਉਂਦਾ ਹੈ, ਜੋ ਕਿ ਸਟੈਟੇਸਟਿਕਸ ਕੈਨੇਡਾ ਵੱਲੋਂ ਰਿਪੋਰਟ ਕੀਤਾ ਗਿਆ ਹੈ। ਜਿਨ੍ਹਾਂ ਪ੍ਰੋਵਿੰਸਾਂ ਤੇ ਟੈਰੇਟਰੀਜ਼ ਵਿੱਚ ਫੈਡਰਲ ਰੇਟ ਨਾਲੋਂ ਵੱਧ ਘੱਟ ਤੋਂ ਘੱਟ ਉਜਰਤਾਂ ਹਨ ਉੱਥੇ ਵੱਧ ਉਜਰਤਾਂ ਹੀ ਲਾਗੂ ਹੋਣਗੀਆਂ।

## ਹਸਪਤਾਲਾਂ, ਸਕੂਲਾਂ ਵਿੱਚ ਓਨਟਾਰੀਓ ਨੇ ਹਟਾਇਆ ਵੈਕਸੀਨ ਤੇ ਟੈਸਟਿੰਗ ਦਾ ਨਿਯਮ



ਓਨਟਾਰੀਓ, 14 ਮਾਰਚ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਕੋਵਿਡ-19 ਸਬੰਧੀ ਹੋਰ ਮਾਪਦੰਡ ਵੀ ਖ਼ਤਮ ਕੀਤੇ ਜਾ ਰਹੇ ਹਨ। ਅਜੇ ਇੱਕ ਹਫਤਾ ਪਹਿਲਾਂ ਹੀ ਸਰਕਾਰ ਵੱਲੋਂ ਬਹੁਤੀਆਂ ਇੰਡੋਰ ਪਬਲਿਕ ਸੈਟਿੰਗਜ਼ ਵਿੱਚ ਮਾਸਕ ਸਬੰਧੀ ਨਿਯਮ ਖ਼ਤਮ ਕੀਤਾ ਗਿਆ ਸੀ।

ਸੋਮਵਾਰ ਤੋਂ ਸਕੂਲਾਂ, ਚਾਈਲਡ ਕੇਅਰ ਸੈਟਿੰਗਜ਼, ਹਸਪਤਾਲਾਂ ਤੇ ਲਾਂਗ ਟਰਮ ਕੇਅਰ ਹੋਮਜ਼ ਲਈ ਲਾਜ਼ਮੀ ਵੈਕਸੀਨੇਸ਼ਨ ਤੇ ਟੈਸਟਿੰਗ ਸਬੰਧੀ ਨੀਤੀਆਂ ਖ਼ਤਮ ਕੀਤੀਆਂ ਜਾ ਰਹੀਆਂ ਹਨ। ਪ੍ਰੋਵਿੰਸ ਦਾ ਕਹਿਣਾ ਹੈ ਕਿ ਵੱਖ ਵੱਖ ਸੰਸਥਾਵਾਂ ਆਪਣੀ ਇੱਛਾ ਮੁਤਾਬਕ ਇਹ ਪਾਬੰਦੀਆਂ ਜਾਰੀ ਰੱਖ ਸਕਦੀਆਂ ਹਨ। ਬਹੁਤੇ ਹਸਪਤਾਲਾਂ ਨੇ ਵੀ ਇਹ ਸਪਸ਼ਟ ਕਰ ਦਿੱਤਾ ਹੈ ਕਿ ਉਨ੍ਹਾਂ ਵੱਲੋਂ ਵੈਕਸੀਨੇਸ਼ਨ ਸਬੰਧੀ ਸਖ਼ਤ ਮਾਪਦੰਡ ਜਾਰੀ ਰੱਖੇ ਜਾਣਗੇ।

ਇਸ ਹਫਤੇ ਪ੍ਰੋਵਿੰਸ ਵੱਲੋਂ ਲਾਂਗ ਟਰਮ ਕੇਅਰ ਸੈਟਿੰਗਜ਼ ਵਿੱਚ ਪਾਬੰਦੀਆਂ ਵਿੱਚ ਢਿੱਲ ਦਿੱਤੀ ਜਾ ਰਹੀ ਹੈ। ਪੰਜ ਸਾਲ ਤੋਂ ਘੱਟ ਉਮਰ ਦੇ ਬੱਚੇ ਵੀ ਹੁਣ ਬਜ਼ੁਰਗਾਂ ਨੂੰ ਮਿਲਣ ਲਈ ਵੱਡਿਆਂ ਦੇ ਨਾਲ ਜਾ ਸਕਣਗੇ ਤੇ ਇੱਕ ਸਮੇਂ ਵਿੱਚ ਹਰੇਕ ਰੈਜ਼ੀਡੈਂਟ ਨੂੰ ਮਿਲਣ ਵਾਲੇ ਵਿਜ਼ੀਟਰਜ਼ ਦੀ ਗਿਣਤੀ ਵੀ ਤਿੰਨ ਤੋਂ ਚਾਰ ਕਰ ਦਿੱਤੀ ਗਈ ਹੈ। ਵੈਕਸੀਨੇਸ਼ਨ ਸਟੇਟਸ ਤੋਂ ਬਿਨਾਂ ਸਾਰੇ ਰੈਜ਼ੀਡੈਂਟਸ ਵੀ ਸੋਸ਼ਲ ਟਰਿੱਪਜ਼ ਕਰ ਸਕਣਗੇ। ਅਗਲੇ ਸੋਮਵਾਰ ਤੋਂ ਸਕੂਲਾਂ, ਗਰੌਸਰੀ ਸਟੋਰਜ਼, ਮਾਲਜ਼ ਤੇ ਹੋਰਨਾਂ ਇੰਡੋਰ ਇਲਾਕਿਆਂ ਵਿੱਚ ਮਾਸਕ ਦੀ ਸ਼ਰਤ ਬਿਲਕੁਲ ਹੀ ਹਟਾਅ ਦਿੱਤੀ ਜਾਵੇਗੀ।

# ਫੈਡਰਲ ਸਰਕਾਰ ਵੱਲੋਂ ਟੋਰਾਂਟੋ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਨੂੰ ਮਿਲਣਗੇ 142 ਮਿਲੀਅਨ ਡਾਲਰ



ਟੋਰਾਂਟੋ, 14 ਮਾਰਚ (ਪੋਸਟ ਬਿਊਰੋ) : ਇਨਫਰਾਸਟ੍ਰਕਚਰ ਨਾਲ ਸਬੰਧਤ ਪ੍ਰੋਜੈਕਟਸ ਲਈ ਫੈਡਰਲ ਸਰਕਾਰ ਵੱਲੋਂ ਟੋਰਾਂਟੋ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਨੂੰ 142 ਮਿਲੀਅਨ ਡਾਲਰ ਮੁਹੱਈਆ ਕਰਵਾਏ ਜਾਣਗੇ।

ਟਰਾਂਸਪੋਰਟ ਮੰਤਰੀ ਤੇ ਮਿਸੀਸਾਗਾ ਸੈਂਟਰ ਤੋਂ ਐਮਪੀ ਓਮਰ ਅਲਘਬਰਾ ਨੇ ਸੋਮਵਾਰ ਸਵੇਰੇ ਇਸ ਬਾਰੇ ਟਰਮੀਨਲ 1 ਉੱਤੇ ਐਲਾਨ ਕੀਤਾ। ਉਨ੍ਹਾਂ ਆਖਿਆ ਕਿ ਇਹ ਰਕਮ ਏਅਰਫੀਲਡ ਦੇ ਕਈ ਇਲਾਕਿਆਂ ਦੇ ਪੁਨਰਨਿਰਮਾਣ, ਨਵੇਂ ਚੈੱਕ-ਇਨ ਤੇ ਬਾਰਡਰ ਕਲੀਅਰੈਂਸ ਸਿਸਟਮਜ਼ ਨੂੰ ਇਨਸਟਾਲ ਕਰਨ ਲਈ ਵਰਤੀ ਜਾਵੇਗੀ। ਇਸ ਦੇ ਨਾਲ ਹੀ ਪੈਸੈਂਜਰਜ਼ ਤੇ ਇੰਪਲੌਈਜ਼ ਦੀ ਕੋਵਿਡ-19 ਟੈਸਟਿੰਗ ਤੇ ਸਕਰੀਨਿੰਗ ਲਈ ਵੀ ਉਮਦਾ ਪ੍ਰਬੰਧ ਕੀਤੇ ਜਾਣਗੇ।

ਅਲਘਬਰਾ ਨੇ ਇਹ ਵੀ ਆਖਿਆ ਕਿ ਇਸ ਵਿੱਚੋਂ ਕੁੱਝ ਫੰਡਿੰਗ ਮਾਊਂਟ ਡੈਨਿਸ ਸਟੇਸ਼ਨ ਤੋਂ ਟੋਰਾਂਟੋ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਤੱਕ ਐਗਲਿੰਟਨ ਕਰੌਸਟਾਊਨ ਐਲਆਰਟੀ ਦੇ ਭਵਿੱਖ ਵਿੱਚ ਹੋਣ ਵਾਲੇ ਵਾਧੇ ਲਈ ਟਰਮੀਨਲ ਬਿਲਡਿੰਗ ਲਈ ਟੈਕਨੀਕਲ ਸਟੱਡੀਜ਼ ਕਰਨ ਲਈ ਵੀ ਵਰਤੀ ਜਾ ਸਕਦੀ ਹੈ। ਓਨਟਾਰੀਓ ਸਰਕਾਰ ਦਾ ਇਹ ਵਾਧੇ ਵਾਲਾ ਪ੍ਰੋਜੈਕਟ 2030 ਜਾਂ 2031 ਵਿੱਚ ਖ਼ਤਮ ਹੋਣ ਦੀ ਸੰਭਾਵਨਾ ਹੈ ਜਦਕਿ ਐਗਲਿੰਟਨ ਕਰੌਸਟਾਊਨ ਐਲਆਰਟੀ ਲਾਈਨ 2022 ਦੇ ਅੰਤ ਤੱਕ ਖੁੱਲ੍ਹ ਜਾਵੇਗੀ।

ਸੋਮਵਾਰ ਨੂੰ ਕੀਤੇ ਗਏ ਇਸ ਐਲਾਨ ਵਿੱਚ ਗ੍ਰੇਟਰ ਟੋਰਾਂਟੋ ਏਅਰਪੋਰਟਸ ਅਥਾਰਟੀ ਦੀ ਪ੍ਰੈਜ਼ੀਡੈਂਟ ਤੇ ਸੀਈਓ ਡੈਬਰਾਹ ਫਲਿੰਟ ਨੇ ਆਖਿਆ ਕਿ ਕੋਵਿਡ-19 ਮਹਾਂਮਾਰੀ ਦਰਮਿਆਨ ਏਅਰਪੋਰਟ ਉੱਤੇ ਕੁਨੈਕਟਿਵਿਟੀ ਨੂੰ ਬਹਾਲ ਕਰਨ ਦਾ ਇਹ ਕਾਫੀ ਮੁਸ਼ਕਲ ਮਿਸ਼ਨ ਹੈ।

# ਓਨਟਾਰੀਓ ਦੇ ਕਾਲਜਾਂ ਦੀ ਅਗਵਾਈ ਕਰ ਰਹੀ ਯੂਨੀਅਨ ਨੇ ਹੜਤਾਲ ਦਾ ਦਿੱਤਾ ਅਲਟੀਮੇਟਮ



ਟੋਰਾਂਟੋ, 14 ਮਾਰਚ (ਪੋਸਟ ਬਿਊਰੋ) : ਓਨਟਾਰੀਓ ਦੇ 24 ਪਬਲਿਕ ਕਾਲਜਾਂ ਵਿੱਚ ਪੜ੍ਹਾਉਣ ਵਾਲੇ ਹਜ਼ਾਰਾਂ ਫੈਕਲਟੀ ਮੈਂਬਰਾਂ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਨੇ ਆਪਣੇ ਇੰਪਲੌਇਰ ਨੂੰ ਅਲਟੀਮੇਟਮ ਦਿੱਤਾ ਹੈ ਕਿ ਜੇ ਲੇਬਰ ਵਿਵਾਦ ਨੂੰ ਹੱਲ ਨਾ ਕੀਤਾ ਗਿਆ ਤੇ ਜਲਦ ਹੀ ਕਿਸੇ ਸਮਝੌਤੇ ਉੱਤੇ ਨਾ ਪਹੁੰਚਿਆ ਗਿਆ ਤਾਂ ਉਹ ਸ਼ੁੱਕਰਵਾਰ ਤੋਂ ਹੜਤਾਲ ਉੱਤੇ ਜਾਣਗੇ।

ਲੱਗਭਗ 16,000 ਪ੍ਰੋਫੈਸਰਜ਼, ਇੰਸਟਰਕਟਰਜ਼, ਕਾਊਂਸਲਰਜ਼ ਤੇ ਲਾਇਬ੍ਰੇਰੀਅਨਜ਼ ਦੀ ਟੀਮ, ਜਿਹੜੀ ਗੱਲਬਾਤ ਕਰ ਰਹੀ ਹੈ, ਨੇ ਸੋਮਵਾਰ ਨੂੰ ਕਾਲਜ ਦੇ ਪ੍ਰੈਜ਼ੀਡੈਂਟਸ ਨੂੰ ਖੁੱਲ੍ਹਾ ਪੱਤਰ ਭੇਜਿਆ ਜਿਸ ਵਿੱਚ ਤੀਜੀ ਧਿਰ ਦੀ ਵਿਚੋਲਗੀ ਰਾਹੀਂ ਇਸ ਮਸਲੇ ਨੂੰ ਹੱਲ ਕਰਵਾਉਣ ਦੀ ਗੱਲ ਆਖੀ ਗਈ।

ਇਹ ਵੀ ਆਖਿਆ ਗਿਆ ਕਿ ਜੇ ਕਾਲਜ ਇੰਪਲੌਇਰ ਕਾਊਂਸਲ (ਸੀਈਸੀ) ਤੀਜੀ ਧਿਰ ਦੀ ਵਿਚੋਲਗੀ ਨਾਲ ਵੀ ਮਸਲਾ ਹੱਲ ਕਰਨ ਲਈ ਰਾਜ਼ੀ ਨਹੀ ਹੁੰਦੀ ਤਾਂ ਮੈਂਬਰਾਂ ਕੋਲ 18 ਮਾਰਚ ਰਾਤੀਂ 12:01 ਵਜੇ ਹੜਤਾਲ ਉੱਤੇ ਜਾਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਬਚੇਗਾ।


NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL
(Government Approved Licensed Technician)
416 938 4598

MOTEL FOR SALE ON HWY 7
IN THE MIDDLE OF TORONTO AND OTTAWA
$1,275,000
- Excellent Cash Flow And Low Vacancy Rate
- Low Operating Costs
- Many Recent Upgrades To Rooms
- New Security Camera System
- Plan Approved For Additional Unit
RAJ HANDA
BROKER OF RECORD
DIR: 647-546-5228
OFF: 905-457-4588
SAVE MAX GLOBAL REALTY
RAJ@SAVEMAXGLOBALREALTY.COM

Locations
Woodbridge
Mississauga
Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ
10-20% Discount
iccrc
Raj Narang
Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅਜੱ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL
Insurance Advisor
416-724-5000

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

Dubai Jewellers
10% additional discount on gold and upto 50% on diamond.
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive
Unit #19, Brampton
Ontario L6S 0E9
North Park & Airport Major Intersection
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8)
(Monday Closed)
Dubai Jewellers
Raj & Gulshan
Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਕਰਜ਼ੇ ਦੀ ਸਿਰਦਰਦੀ ?
www.MakeMeDebtFree.ca
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888 864 3131
Jasbir Singh Hundal
Qualified Credit Counsellor
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Canadian National Forklift Safety Group
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc.
Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com

# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO DATA, TALK, & TEXT PLAN OR HIGHER

chatr™ AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਚਾਕੂ ਦੀ ਨੋਕ ਉੱਤੇ ਫਾਰਮੇਸੀ ਲੁੱਟਣ ਵਾਲੇ ਟੀਨੇਜਰਜ਼ ਹਿਰਾਸਤ ਵਿੱਚ




ਟੋਰਾਂਟੋ, 14 ਮਾਰਚ (ਪੋਸਟ ਬਿਊਰੋ) : ਪਿਛਲੇ ਹਫਤੇ ਕਥਿਤ ਤੌਰ ਉੱਤੇ ਚਾਕੂ ਦੀ ਨੋਕ ਉੱਤੇ ਫਾਰਮੇਸੀ ਨੂੰ ਲੁੱਟਣ ਵਾਲੇ ਦੋ ਟੀਨੇਜਰ ਲੜਕਿਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ।

ਜਾਂਚਕਾਰਾਂ ਦਾ ਕਹਿਣਾ ਹੈ ਕਿ 8 ਮਾਰਚ ਨੂੰ ਉਨ੍ਹਾਂ ਨੂੰ ਸ਼ੈਪਰਡ ਐਵਨਿਊ ਵੈਸਟ ਤੇ ਕੀਲ ਸਟਰੀਟ ਉੱਤੇ ਫਾਰਮੇਸੀ ਲੁੱਟੇ ਜਾਣ ਦੀ ਖਬਰ ਦੇ ਕੇ ਸੱਦਿਆ ਗਿਆ। 14 ਤੇ 15 ਸਾਲ ਦੇ ਦੋ ਟੀਨੇਜ ਲੜਕੇ ਫਾਰਮੇਸੀ ਦੇ ਕਾਊਂਟਰ ਉੱਤੇ ਪਹੁੰਚੇ ਤੇ ਉਨ੍ਹਾਂ ਚਾਕੂ ਕੱਢ ਲਿਆ।ਉਨ੍ਹਾਂ ਨੇ ਸਟਾਫ ਮੈਂਬਰ ਤੋਂ ਨਕਦੀ ਤੇ ਦਵਾਈਆਂ ਦੀ ਮੰਗ ਕੀਤੀ ਤੇ ਫਿਰ ਅਣਦੱਸੀ ਰਕਮ ਲੈ ਕੇ ਪੈਦਲ ਹੀ ਉੱਥੋਂ ਚਲੇ ਗਏ। ਮੌਕੇ ਉੱਤੇ ਪਹੁੰਚੀ ਪੁਲਿਸ ਨੇ ਦੋਵਾਂ ਮਸ਼ਕੂਕਾਂ ਨੂੰ ਹਿਰਾਸਤ ਵਿੱਚ ਲੈ ਲਿਆ।

ਉਨ੍ਹਾਂ ਕੋਲੋਂ ਚਾਕੂ ਤੇ ਫਰਾਮੇਸੀ ਤੋਂ ਲੁੱਟੀ ਨਕਦੀ ਵੀ ਬਰਾਮਦ ਹੋਏ। ਯੂਥ ਕ੍ਰਿਮੀਨਲ ਜਸਟਿਸ ਐਕਟ ਤਹਿਤ ਕਿਸੇ ਵੀ ਮਸ਼ਕੂਕ ਦੀ ਪਛਾਣ ਜ਼ਾਹਿਰ ਨਹੀਂ ਕੀਤੀ ਗਈ ਹੈ। ਦੋਵਾਂ ਲੜਕਿਆਂ ਨੂੰ 9 ਮਾਰਚ ਨੂੰ 2201 ਫਿੰਚ ਐਵਨਿਊ ਵੈਸਟ ਸਥਿਤ ਅਦਾਲਤ ਵਿੱਚ ਪੇਸ਼ ਕੀਤਾ ਜਾ ਚੁੱਕਿਆ ਹੈ।

# ਲਾਈਫਮਾਰਕ ਹੈਲਥ ਗਰੁੱਪ ਨੂੰ ਖਰੀਦੇਗੀ ਲੋਬਲਾਅ




ਬਰੈਂਪਟਨ, 14 ਮਾਰਚ (ਪੋਸਟ ਬਿਊਰੋ) : ਲੋਬਲਾਅ ਕੰਪਨੀਜ਼ ਲਿਮਟਿਡ ਦਾ ਕਹਿਣਾ ਹੈ ਕਿ ਉਸ ਵੱਲੋਂ ਲਾਈਫਮਾਰਕ ਹੈਲਥ ਗਰੁੱਪ ਖਰੀਦਣ ਲਈ 845 ਮਿਲੀਅਨ ਡਾਲਰ ਨਕਦ ਦੇਣ ਲਈ ਸਮਝੌਤੇ ਉੱਤੇ ਦਸਤਖ਼ਤ ਕੀਤੇ ਗਏ ਹਨ।

ਔਡੈਕਸ ਪ੍ਰਾਈਵੇਟ ਇਕੁਇਟੀ ਦੀ ਮਲਕੀਅਤ ਲਾਈਫਮਾਰਕ ਵੱਲੋਂ ਫਿਜ਼ੀਓਥੈਰੇਪੀ, ਮਸਾਜ ਥੈਰੇਪੀ, ਓਕਿਊਪੇਸ਼ਨਲ ਥੈਰੇਪੀ, ਕਾਇਰੋਪ੍ਰੈਕਟਿਕ, ਮੈਂਟਲ ਹੈਲਥ ਤੇ ਹੋਰ ਸੇਵਾਵਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਕੈਨੇਡਾ ਭਰ ਵਿੱਚ ਇਸ ਦੇ 300 ਤੋਂ ਵੱਧ ਕਲੀਨਿਕ ਹਨ।

ਲੋਬਲਾਅ, ਜਿਸ ਕੋਲ ਸ਼ਾਪਰਜ਼ ਡਰੱਗ ਮਾਰਟ ਵੀ ਹੈ, ਦਾ ਕਹਿਣਾ ਹੈ ਕਿ ਇਸ ਡੀਲ ਨਾਲ ਹੈਲਥ ਕੇਅਰ ਸਰਵਿਸ ਪ੍ਰੋਵਾਈਡਰ ਵਾਲਾ ਬਿਜ਼ਨਸ ਵਧਾਉਣ ਵਿੱਚ ਮਦਦ ਮਿਲੇਗੀ। ਇਹ ਡੀਲ ਰੈਗੂਲੇਟਰੀ ਮਨਜ਼ੂਰੀ ਤੋਂ ਬਾਅਦ ਹੀ ਸਿਰੇ ਚੜ੍ਹੀ ਮੰਨੀ ਜਾਵੇਗੀ।

# ਅਨਮੋਲ ਰਤਨ ਸਿੱਧੂ ਪੰਜਾਬ ਦੇ ਨਵੇਂ ਐਡਵੋਕੇਟ ਜਨਰਲ ਹੋਣਗੇ



ਚੰਡੀਗੜ੍ਹ, 14 ਮਾਰਚ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਪ੍ਰਧਾਨ ਭਗਵੰਤ ਮਾਨ16 ਮਾਰਚ ਨੂੰ ਇਸ ਰਾਜ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕਣਗੇ, ਪਰ ਉਸ ਤੋਂ ਪਹਿਲਾਂ ਉਹ ਸਰਕਾਰ ਵਿੱਚ ਵੱਡੇ ਫੈਸਲੇ ਲੈ ਰਹੇ ਹਨ।

ਅੱਜ ਸੋਮਵਾਰ ਨਾਮਜ਼ਦ ਮੁੱਖ ਮੰਤਰੀ ਭਗਵੰਤ ਮਾਨ ਨੇਪ੍ਰਮੁੱਖ ਵਕੀਲ ਅਨਮੋਲ ਰਤਨ ਸਿੱਧੂ ਨੂੰ ਪੰਜਾਬ ਦਾ ਨਵਾਂ ਐਡਵੋਕੇਟ ਜਨਰਲ ਨਿਯੁਕਤ ਕਰਨ ਦਾ ਫੈਸਲਾ ਕੀਤਾ ਹੈ। ਵਰਨਣ ਯੋਗ ਹੈ ਕਿ ਪਿਛਲੀ ਕਾਂਗਰਸ ਸਰਕਾਰ ਵਿੱਚਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇਵਕਤ ਕਈ ਐਡਵੋਕੇਟ ਜਨਰਲ ਬਦਲਣ ਪਿੱਛੋਂ ਦੀਪਇੰਦਰ ਸਿੰਘ ਪਟਵਾਲੀਆ ਨੂੰ ਐਡਵੋਕੇਟ ਜਨਰਲ ਲਾਇਆ ਗਿਆ ਸੀ। ਜਦੋਂ ਵਿਧਾਨ ਸਭਾ ਚੋਣਾਂ ਵਿੱਚਕਾਂਗਰਸ ਪਾਰਟੀ ਹਾਰ ਗਈ ਤੇ ਆਮ ਆਦਮੀ ਪਾਰਟੀ ਨੂੰ ਹੂੰਝਾ ਫੇਰ ਜਿੱਤ ਹੋਈ ਤਾਂ ਐਡਵੋਕੇਟ ਜਨਰਲ ਦੀਪਇੰਦਰ ਸਿੰਘ ਪਟਵਾਲੀਆ ਨੇ ਸਰਕਾਰ ਵਿੱਚ ਬਦਲਾਅ ਲਈ ਅਸਤੀਫਾ ਦੇ ਦਿੱਤਾ ਸੀ।ਐਡਵੋਕੇਟ ਜਨਰਲ ਬਣਾਏ ਜਾਣ ਬਾਰੇ ਅਨਮੋਲ ਰਤਨ ਸਿੱਧੂ ਦਾ ਕਹਿਣਾ ਹੈਕਿ ਉਨ੍ਹਾਂ ਨੂੰ ਅਜੇ ਨਿਯੁਕਤੀ ਪੱਤਰ ਨਹੀਂ ਮਿਲਿਆ, ਜਦੋਂ ਮਿਲੇਗਾ ਤਾਂ ਦੱਸਣਗੇ, ਪਰ ਉਨ੍ਹਾਂ ਨੂੰ ਸਰਕਾਰ ਦਾ ਫੈਸਲਾ ਮਨਜ਼ੂਰ ਹੈ।

# ਕੈਪਟਨ ਅਮਰਿੰਦਰ ਦਾ ਕਾਂਗਰਸ ਉੱਤੇ ਹਮਲਾ: 'ਅਸਥਿਰ' ਸਿੱਧੂ ਅਤੇ 'ਭ੍ਰਿਸ਼ਟ' ਚੰਨੀ ਦਾ ਸਮੱਰਥਨ ਕਰਕੇ ਕਾਂਗਰਸ ਨੇ ਆਪਣੀ ਕਬਰ ਪੁੱਟੀ



ਚੰਡੀਗੜ੍ਹ, 14 ਮਾਰਚ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਚੋਣਾਂ ਤੋਂ ਪਹਿਲਾਂ ਨਵੀਂ ਬਣਾਈ ਪੰਜਾਬਲੋਕ ਕਾਂਗਰਸ ਪਾਰਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਪੰਜ ਰਾਜਾਂ ਵਿੱਚਪਿਛਲੇ ਦਿਨੀਂ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਦੇ ਮਾੜੇ ਪ੍ਰਦਰਸ਼ਨ ਲਈ ਗਾਂਧੀ ਪਰਿਵਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਹਾਈਕਮਾਂਡ ਨੇ 'ਅਸਥਿਰ' ਨਵਜੋਤ ਸਿੰਘ ਸਿੱਧੂ ਅਤੇ 'ਭ੍ਰਿਸ਼ਟ' ਚਰਨਜੀਤ ਸਿੰਘ ਚੰਨੀ ਵਰਗੇ ਆਗੂਆਂ ਦੀ ਹਮਾਇਤ ਕਰ ਕੇ ਪੰਜਾਬ ਵਿੱਚ ਆਪਣੀ ਕਬਰ ਖੁਦ ਪੁੱਟ ਲਈ ਸੀ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕਾਂਗਰਸ ਵਰਕਿੰਗ ਕਮੇਟੀ ਆਪਣੀ ਗਲਤੀ ਮੰਨਣ ਦੀ ਥਾਂ ਸਾਡੀ ਪਾਰਟੀ ਉੱਤੇ ਦੋਸ਼ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਕਾਂਗਰਸ ਸਿਰਫ਼ ਪੰਜਾਬ ਵਿੱਚ ਨਹੀਂ, ਉੱਤਰ ਪ੍ਰਦੇਸ਼, ਉੱਤਰਾਖੰਡ, ਗੋਆ ਤੇ ਮਨੀਪੁਰ ਵਿੱਚ ਵੀ ਚੋਣਾਂ ਹਾਰੀ ਹੈ।ਉਨ੍ਹਾ ਕਿਹਾ ਕਿ ਗਾਂਧੀ ਪਰਿਵਾਰ ਆਪਣੀ ਲੀਡਰਸ਼ਿਪ ਸਮਰੱਥਾ ਪੂਰੀ ਤਰ੍ਹਾਂ ਗੁਆ ਚੁੱਕਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਅੱਜ ਕਾਂਗਰਸ ਦੇ ਕਈ ਸੀਨੀਅਰ ਆਗੂ ਨਵਜੋਤ ਸਿੰਘ ਸਿੱਧੂ ਉੱਤੇ ਕਾਂਗਰਸ ਦੀ ਅੰਦਰੂਨੀ ਕਲੇਸ਼ ਤੇ ਮਾੜੀ ਕਾਰਗੁਜ਼ਾਰੀ ਦਾ ਦੋਸ਼ ਲਾ ਰਹੇ ਹਨ, ਪਰ ਹਕੀਕਤ ਇਹ ਹੈ ਕਿ ਸਰਹੱਦੀ ਰਾਜਵਿੱਚ ਕਾਂਗਰਸ ਨੇ ਆਪਣੀ ਕਬਰ ਉਦੋਂ ਪੁੱਟੀ, ਜਦੋਂ ਇਸ ਨੇ 'ਅਸਥਿਰ ਅਤੇ ਹੰਕਾਰੀ' ਸਿੱਧੂ ਅਤੇ 'ਭ੍ਰਿਸ਼ਟ' ਚੰਨੀ ਨੂੰ ਮੁੱਖ ਮੰਤਰੀ ਬਣਾਇਆ ਸੀ।ਉਨ੍ਹਾ ਕਿਹਾ ਕਿ ਕਾਂਗਰਸ ਵਰਕਿੰਗ ਕਮੇਟੀ ਦੇ ਆਗੂ ਜੋ ਦਾਅਵਾ ਕਰਦੇ ਸਨ ਕਿ ਉਨ੍ਹਾਂ ਦੀ ਸਰਕਾਰ ਦੇ ਖਿਲਾਫ ਇੱਕ ਮਜ਼ਬੂਤ ਸੱਤਾ-ਵਿਰੋਧੀ ਲਹਿਰ ਹੈ, ਉਹ ਭੁੱਲ ਗਏ ਹਨ ਕਿ ਮੇਰੀ ਸਰਕਾਰ ਨੇ 2017 ਤੋਂ ਅੱਜ ਤੱਕ ਹਰ ਚੋਣ ਜਿੱਤੀ ਹੈ ਅਤੇ ਸ਼ਹਿਰੀ ਚੋਣਾਂ ਪਿਛਲੇ ਫਰਵਰੀ 2021 ਵਿੱਚ ਹੀ ਜਿੱਤੀਆਂ ਸਨ।

ਕਾਂਗਰਸ ਵਰਕਿੰਗ ਕਮੇਟੀ ਉੱਤੇ ਹਮਲਾ ਕਰਦੇ ਹੋਏ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਹ ਸ਼ਰਾਰਤੀ ਅਨਸਰ ਸਾਡੇ ਉੱਤੇ ਦੋਸ਼ ਲਾ ਕੇ ਪਰਿਵਾਰ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ ਤੇ ਕੰਧ ਉੱਤੇ ਲਿਖੀਆਂ ਲਿਖਤਾਂ ਦੀ ਅੰਨ੍ਹੇਵਾਹ ਪਾਲਣਾ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ ਮੌਜੂਦਾ ਸਿਸਟਮ ਵਿੱਚ ਕਾਂਗਰਸ ਦਾ ਕੋਈ ਭਵਿੱਖ ਨਹੀਂ। ਅਮਰਿੰਦਰ ਸਿੰਘ ਨੇ ਕਿਹਾ ਕਿ ਮੈਂ ਹਰ 15 ਦਿਨਾਂ ਪਿੱਛੋਂ ਸਰਕਾਰ ਦੀ ਰਿਪੋਰਟ ਪਾਰਟੀ ਦੀ ਕਾਰਜਕਾਰੀ ਪ੍ਰਧਾਨ ਸੋਨੀਆ ਗਾਂਧੀ ਨੂੰ ਭੇਜਦਾ ਸਾਂ, ਇੱਕ ਵਾਰ ਵੀ ਉਨ੍ਹਾਂ ਨੇ ਮੇਰੇ ਵੱਲ ਉਂਗਲ ਨਹੀਂ ਉਠਾਈ। ਕੈਪਟਨ ਨੇ ਦੁਹਰਾਇਆ ਕਿ ਮੈਂ ਅਸਤੀਫਾ ਦੇਣ ਤੋਂ ਤਿੰਨ ਹਫ਼ਤੇ ਪਹਿਲਾਂ ਮੁੱਖ ਮੰਤਰੀ ਦਾਅਹੁਦਾ ਛੱਡ ਦੇਣ ਦੀ ਪੇਸ਼ਕਸ਼ ਕੀਤੀ ਸੀ, ਪਰ ਸੋਨੀਆ ਗਾਂਧੀ ਨੇ ਜ਼ੋਰ ਦੇ ਕੇ ਕਿਹਾ ਸੀ ਕਿ ਮੈਂ 2022 ਦੀਆਂ ਚੋਣਾਂ ਵਿੱਚ ਪਾਰਟੀ ਦੀ ਅਗਵਾਈ ਕਰਾਂ।




# ਟੂਰਨਾਮੈਂਟ ਚੱਲਦੇ ਦੌਰਾਨ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਨੂੰ ਗੋਲੀਆਂ ਮਾਰ ਕੇ ਮਾਰਿਆ



ਨਕੋਦਰ, 14 ਮਾਰਚ, (ਪੋਸਟ ਬਿਊਰੋ)- ਏਥੋਂ ਨੇੜੇ ਮੱਲੀਆਂ ਖੁਰਦਵਿੱਚ ਚੱਲ ਰਹੇ ਕਬੱਡੀ ਟੂਰਨਾਮੈਂਟ ਦੇ ਇਕ ਮੈਚ ਦੌਰਾਨ ਕਬੱਡੀ ਖਿਡਾਰੀ ਸੰਦੀਪ ਸਿੰਘ ਨੰਗਲ ਅੰਬੀਆਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ।

ਮੱਲੀਆਂ ਖੁਰਦਵਿੱਚ ਹਰ ਸਾਲ ਸਾਬਕਾ ਖਿਡਾਰੀ ਸਾਬੀ ਮੱਲੀਆਂ ਦੀ ਯਾਦਵਿੱਚਕਬੱਡੀ ਟੂਰਨਾਮੈਂਟ ਕਰਾਇਆ ਜਾਂਦਾ ਹੈ। ਅੱਜਕਲੱਬਾਂ ਦੇ ਮੈਚ ਚੱਲ ਰਹੇ ਸਨ ਤੇ ਪਹਿਲਾ ਮੈਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਖੀਰਾਂਵਾਲੀ ਵਿਚਾਲੇ ਚੱਲ ਰਿਹਾ ਸੀ ਅਤੇ ਦੂਸਰਾ ਮੈਚ ਸ਼ਾਹਕੋਟ ਤੇ ਤੋਤਾ ਸਿੰਘ ਵਾਲਾ ਵਿਚਾਲੇ ਹੋਣਾ ਸੀ, ਪਰ ਪਹਿਲੇ ਮੈਚਵਿੱਚ ਹੀ ਕਾਰ ਉੱਤੇ ਸਵਾਰ ਹੋ ਕੇ ਆਏ ਅਣਪਛਾਤੇ ਚਾਰ ਹਮਲਾਵਰਾਂ ਨੇ ਸੰਦੀਪ ਨੰਗਲ ਅੰਬੀਆਂ ਉੱਤੇ ਹਮਲਾ ਕਰ ਦਿੱਤਾ। ਸਿਰ ਵਿੱਚ ਗੋਲੀ ਲੱਗਣ ਨਾਲ ਸੰਦੀਪ ਨੰਗਲ ਅੰਬੀਆਂ ਗੰਭੀਰ ਜ਼ਖ਼ਮੀ ਹੋ ਗਿਆ। ਇਸ ਦੇ ਬਾਅਦਉਸ ਨੂੰ ਜਦੋਂ ਹਸਪਤਾਲ ਪੁਚਾਇਆ ਗਿਆ ਤਾਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ।

ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦੇ ਕੋਚ ਇੰਦਰ ਦੇ ਮੁਤਾਬਕ ਸੰਦੀਪ ਦਾ ਕਿਸੇ ਨਾਲ ਵੈਰ-ਵਿਰੋਧ ਨਹੀਂ ਸੀ, ਕਬੱਡੀ ਨੂੰ ਪਿਆਰ ਕਰਨ ਵਾਲਾ ਸੰਦੀਪ ਹਮੇਸ਼ਾ ਖੇਡ ਮੈਦਾਨਵਿੱਚ ਰਹਿੰਦਾ ਸੀ। ਜੇ ਉਸ ਦਾ ਕਿਸੇ ਨਾਲ ਵੈਰ ਹੁੰਦਾ ਤਾਂ ਸਾਡੇ ਨਾਲ ਗੱਲ ਸਾਂਝੀ ਕਰਦਾ ਅਤੇ ਜੇ ਕਿਸੇ ਨਾਲ ਰੰਜਿਸ਼ ਹੁੰਦੀ ਤਾਂ ਇਕੱਲਾ ਨਾ ਘੁੰਮਦਾ। ਸੰਦੀਪ ਨੰਗਲ ਅੰਬੀਆਂ ਜਿੱਥੇ ਵੀ ਜਾਂਦਾ ਸੀ, ਇਕੱਲਾ ਜਾਂਦਾ ਸੀ, ਕਿਉਂਕਿ ਉਸ ਦੀ ਕਿਸੇ ਨਾਲ ਲਾਗ-ਡਾਟ ਨਹੀਂ ਸੀ। ਪੁਲਸ ਮੁਤਾਬਕ ਸੰਦੀਪ ਨੰਗਲ ਅੰਬੀਆਂ ਕਬੱਡੀ ਦਾ ਮੈਚ ਦੇਖ ਰਿਹਾ ਸੀ, ਜਿਸ ਦੌਰਾਨ ਚਿੱਟੇ ਰੰਗ ਦੀ ਸਵਿਫਟ ਕਾਰਵਿੱਚ ਸਵਾਰ ਹੋ ਕੇ ਆਏ ਚਾਰ ਅਣਪਛਾਤੇ ਹਮਲਾਵਰਾਂ ਨੇ ਗੋਲੀ ਚਲਾਦਿੱਤੀ।ਐੱਸ ਐੱਸ ਪੀ ਜਲੰਧਰ ਦਿਹਾਤੀ ਮੁਤਾਬਕ ਘਟਨਾ ਵਾਲੀ ਥਾਂ ਨੇੜੇ ਸੀ ਸੀ ਟੀ ਵੀ ਕੈਮਰੇ ਅਤੇ ਸੜਕਾਂਵਾਲੇ ਕੈਮਰਿਆਂ ਦੀ ਫੁਟੇਜ ਵੇਖੀ ਜਾ ਰਹੀ ਹੈ।ਆਮ ਆਦਮੀ ਪਾਰਟੀ ਦੀ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਕਿਹਾ ਕਿ ਇਹ ਵਿਰੋਧੀ ਪਾਰਟੀਆਂ ਦੀ ਚਾਲ ਹੈ, ਉਹ ਆਮ ਆਦਮੀ ਪਾਰਟੀ ਦੀ ਜਿੱਤ ਤੋਂ ਘਬਰਾਏ ਹੋਏ ਹਨ ਅਤੇ ਪੰਜਾਬ ਦਾ ਮਾਹੌਲ ਵਿਗਾੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।












## ਅੱਜ ਨਾਮਾ

ਡਾਢੀ ਜਿਨ੍ਹਾਂ ਨੂੰ ਹਾਬੜ ਵਜ਼ੀਰੀਆਂ ਲਈ,
ਏਧਰ-ਓਧਰ ਪਏ ਕਾਰ ਭਜਾਉਣ ਬੇਲੀ।
ਚੰਡੀਗੜ੍ਹ ਤੱਕ ਪਹੁੰਚ ਕਈ ਕਰਨ ਲੱਗੇ,
ਗੇੜੇ ਦਿੱਲੀ ਦੇ ਲੱਗੇ ਕੁਝ ਲਾਉਣ ਬੇਲੀ।
ਦਸਤਾਵੇਜ਼ ਕਈ ਚੁੱਕੀ ਨੇ ਨਾਲ ਫਿਰਦੇ,
ਫਾਈਲਾਂ ਖੋਲ੍ਹ ਵੀ ਝੱਟ ਦਿਖਾਉਣ ਬੇਲੀ।
ਇੱਕੋ ਈ ਥਾਂ ਜਦ ਚਲੇ ਨੇ ਮਿਲਣ ਜਾਂਦੇ,
ਆਪਸ ਵਿੱਚ ਨਾ ਅੱਖਾਂ ਮਿਲਾਉਣ ਬੇਲੀ।
ਦੇਵਣੀ ਨਹੀਂ ਕਾਨੂੰਨ ਜਦ ਖੁੱਲ੍ਹ ਬਾਹਲੀ,
ਕਾਨੂੰਨੀ ਮਿੱਥੀ ਨਹੀਂ ਹੱਦ ਮਿਟਾ ਸਕਦੇ।
ਗਿਣਤੀ ਟੱਪੀ ਸਤਾਰਾਂ ਨਹੀਂ ਜਾ ਸਕਦੀ,
ਮੰਤਰੀ ਸੱਤਰ ਬਣਾਏ ਨਹੀਂ ਜਾ ਸਕਦੇ।

**ਤੀਸ ਮਾਰ ਖਾਂ**

# ਪੰਜਾਬ ਵਿੱਚ ਹਾਰ ਪਿੱਛੋਂ ਕਾਂਗਰਸ ਦਾ ਘਮਾਸਾਨ ਹੋਰ ਵੀ ਭਖਣ ਲੱਗਾ

### * ਸਿੱਧੂ, ਚੰਨੀ, ਅੰਬਿਕਾ ਸੋਨੀ ਵਿਰੁੱਧ ਤਿੱਖੀ ਚਾਂਦਮਾਰੀ



ਲੁਧਿਆਣਾ, 14 ਮਾਰਚ, (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਭਾਰੀ ਹਾਰ ਪਿੱਛੋਂ ਕਾਂਗਰਸ ਆਗੂਆਂ ਦੇ ਅੰਦਰਲਾ ਗੁੱਸਾ ਬਾਹਰ ਆਉਣ ਲੱਗਾ ਹੈ।ਪਾਰਲੀਮੈਂਟ ਮੈਂਬਰ ਗੁਰਜੀਤ ਸਿੰਘ ਔਜਲਾ ਤੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਮਗਰੋਂਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਵੀ ਹਾਰ ਦਾ ਦੋਸ਼ ਹਾਈਕਮਾਂਡ ਵੱਲੋਂ ਗਲਤ ਫੈਸਲਿਆਂ ਉੱਤੇ ਮੜ੍ਹਿਆ ਹੈ ਅਤੇ ਸੁਨੀਲ ਜਾਖੜ ਨੇ ਅੰਬਿਕਾ ਸੋਨੀ ਉੱਤੇ ਚਾਂਦਮਾਰੀ ਕੀਤੀ ਹੈ।

ਲੁਧਿਆਣਾ ਤੋਂ ਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਅੱਜ ਫੇਸਬੁੱਕ ਉੱਤੇ ਲਾਈਵ ਹੋ ਕੇ ਦੋਸ਼ ਲਾਇਆ ਕਿ ਕੁਝ ਆਗੂਆਂ ਦੀ ਕੁਰਸੀ ਦੀ ਲਾਲਸਾ ਕਾਰਨ ਕਾਂਗਰਸ ਪਾਰਟੀ ਨੂੰ ਹਾਰ ਹੋਈ ਹੈ। ਉਨ੍ਹਾਂ ਸਾਫ ਕਿਹਾ ਕਿ ਇਹ ਹਾਰ ਵਰਕਰਾਂ ਦੀ ਨਹੀਂ,ਲੀਡਰਾਂ ਦੀ ਹੈ। ਬਿੱਟੂ ਨੇ ਕਿਹਾ ਕਿ ਪਾਰਟੀ ਵਿੱਚ ਕੁਝ ਨਕਲੀ ਆਗੂ ਆ ਗਏ ਤੇ ਉਹ ਪਾਰਟੀ ਲਈ ਆਤਮਘਾਤੀ ਬੰਬ ਸਾਬਤ ਹੋਏ ਹਨ। ਕਾਂਗਰਸ ਜਨਰਲ ਸੈਕਟਰੀ ਪ੍ਰਿਅੰਕਾ ਗਾਂਧੀ ਪੰਜਾਬ ਆਈ ਤਾਂ ਪੰਜਾਬ ਦੇ ਪ੍ਰਧਾਨ ਨੇ ਸਟੇਜ ਉੱਤੇ ਆਉਣ ਤੇ ਬੋਲਣ ਤੋਂ ਇਨਕਾਰ ਕਰ ਦਿੱਤਾ ਸੀ, ਏਦੂੰ ਵੱਧ ਗੁਸਤਾਖੀ ਹੋਰ ਨਹੀਂ ਹੋ ਸਕਦੀ। ਉਨ੍ਹਾਂ ਨੇ ਵਰਕਰਾਂ ਨੂੰ ਕਿਹਾ ਕਿ ਹਮੇਸ਼ਾ ਜਿੱਤ-ਹਾਰ ਹੁੰਦੀ ਹੈ, ਉਹ ਘਰ ਬੈਠਣ ਦੀ ਥਾਂ ਬਾਹਰ ਲੋਕਾਂ ਦੀ ਸੇਵਾ ਕਰਨ। ਬਿੱਟੂ ਨੇ ਕਿਹਾ ਕਿ ਇਸ ਵਾਰ ਸਾਡੀਆਂ ਗਲਤੀਆਂ ਕਰਕੇ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ ਅਤੇ ਜਿਨ੍ਹਾਂ ਨੇ ਕਾਂਗਰਸ ਦੇ ਵਰਕਰਾਂ ਦੀ ਪਿੱਠ ਲਵਾਈ ਹੈ, ਉਨ੍ਹਾਂ ਤੋਂ ਹਿਸਾਬ ਲੈਣਾ ਹੈ ਤਾਂ ਹੋਰ ਪਾਰਟੀਆਂ ਵਿੱਚਜਾਣ ਦੀ ਲੋੜ ਨਹੀਂ।

ਦੂਸਰੇ ਪਾਸੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਕੇਂਦਰ ਵਿੱਚ ਬੈਠੀ ਇੱਕ ਔਰਤ ਕਾਂਗਰਸੀ ਆਗੂ ਨੇ ਧਰਮ ਨਿਰਪੱਖਤਾ ਦੇ ਖਿਲਾਫ ਬਿਆਨ ਦੇ ਕੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਇਆ ਤੇ ਫਿਰ ਉਸ ਦੇ ਬਾਰੇ ਕਿਹਾ ਸੀ ਕਿ 'ਚੰਨੀ ਕਾਂਗਰਸ ਪਾਰਟੀ ਦਾ ਅਸੈੱਟ ਹੈ', ਜਦ ਕਿ ਉਸ ਬੰਦੇ ਦੇ ਘਰ ਦਸ ਕਰੋੜ ਦਾ ਖਜ਼ਾਨਾ ਮਿਲਿਆ ਸੀ, ਕੀ ਇਹ ਵੀ ਪਾਰਟੀ ਦਾ ਅਸੈੱਟ ਹੋਣ ਦਾ ਸਬੂਤ ਸੀ। ਇਸ ਦੌਰਾਨ ਸੁਨੀਲ ਜਾਖੜ ਨੇ ਕੇਂਦਰ ਦੀ ਔਰਤ ਆਗੂ ਦਾ ਨਾਂਅ ਨਹੀਂ ਲਿਆ, ਪਰ ਸਾਫ ਇਸ਼ਾਰਾ ਅੰਬਿਕਾ ਸੋਨੀ ਵੱਲ ਸੀ।

# ਸੰਯੁਕਤ ਮੋਰਚੇ ਵੱਲੋਂ ਕਿਸਾਨ ਅੰਦੋਲਨ ਫਿਰ ਸ਼ੁਰੂ ਕਰਨ ਦਾ ਐਲਾਨ



ਸੋਨੀਪਤ, 14 ਮਾਰਚ, (ਪੋਸਟ ਬਿਊਰੋ)- ਸੰਯੁਕਤ ਕਿਸਾਨ ਮੋਰਚੇ ਨੇ ਇਕ ਵਾਰ ਫਿਰ ਅੰਦੋਲਨ ਚਲਾਉਣ ਦਾ ਫ਼ੈਸਲਾ ਲਿਆ ਅਤੇ ਭਾਰਤ ਸਰਕਾਰ ਉੱਤੇਐੱਮ ਐੱਸ ਪੀ(ਫਸਲਾਂ ਦੀ ਘੱਟੋ-ਘੱਟ ਖਰੀਦ ਕੀਮਤ) ਦੇ ਕਾਨੂੰਨ ਸਮੇਤ ਸਾਰੀਆਂ ਮੰਗਾਂ ਉੱਤੇ ਅਮਲ ਨਾ ਕਰਨ ਦਾ ਦੋਸ਼ ਲਾਇਆ ਹੈ। ਇਸ ਦੇ ਨਾਲ ਹੀ ਇਸ ਮੋਰਚੇ ਨੇ ਐਲਾਨ ਕੀਤਾ ਹੈ ਕਿ 11 ਤੋਂ 17 ਅਪਰੈਲ ਤੱਕ ਸਾਰੇ ਦੇਸ਼ ਵਿੱਚ ਐੱਮ ਐੱਸ ਪੀ ਗਾਰੰਟੀ ਹਫ਼ਤਾ ਦੀ ਮੁਹਿੰਮ ਚਲਾਈ ਜਾਵੇਗੀ।

ਅੱਜ ਦਿੱਲੀ ਵਿੱਚ ਹੋਈ ਸੰਯੁਕਤ ਕਿਸਾਨ ਮੋਰਚੇ ਦੀ ਬੈਠਕ ਪਿੱਛੋਂ ਕਿਸਾਨ ਨੇਤਾਵਾਂ ਨੇ ਕਿਹਾ ਕਿ ਐੱਮ ਐੱਸ ਪੀ ਗਾਰੰਟੀ ਹਫ਼ਤੇ ਦੌਰਾਨ ਸੰਯੁਕਤ ਕਿਸਾਨ ਮੋਰਚੇ ਨਾਲ ਜੁੜੇ ਸਾਰੇ ਸੰਗਠਨ ਕਿਸਾਨਾਂ ਨੂੰ ਆਪਣੇ ਸਾਰੇ ਖੇਤੀ ਉਤਪਾਦਾਂ ਦੇ ਲਈ ਸਵਾਮੀਨਾਥਨ ਕਮਿਸ਼ਨ ਵੱਲੋਂ ਤੈਅ ਕੀਤੇ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਦੀ ਕਾਨੂੰਨੀ ਗਾਰੰਟੀ ਦੀ ਮੰਗ ਚੁੱਕਣ ਲਈ ਧਰਨਾ, ਪ੍ਰਦਰਸ਼ਨ ਤੇ ਰੈਲੀਆਂ ਕਰਨਗੇ। ਅੱਜ ਦੀ ਬੈਠਕਵਿੱਚ ਲਖੀਮਪੁਰ ਖੀਰੀ ਕਾਂਡ ਵਿੱਚ ਚੱਲਦੀ ਕਾਨੂੰਨੀ ਪ੍ਰਕਿਰਿਆ ਉੱਤੇ ਵੀ ਚਰਚਾ ਹੋਈ ਅਤੇ ਕਿਸਾਨ ਨੇਤਾਵਾਂ ਨੇ ਕਿਹਾ ਕਿ ਪੁਲਸ, ਪ੍ਰਸ਼ਾਸਨ ਅਤੇ ਸਰਕਾਰੀ ਵਕੀਲ ਮਿਲ ਕੇ ਦੋਸ਼ੀਆਂ ਨੂੰ ਬਚਾਉਣ ਤੇ ਬੇਕਸੂਰ ਕਿਸਾਨਾਂ ਨੂੰ ਫਸਾਉਣ ਦੇ ਯਤਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਹੈਰਾਨੀ ਦਾ ਵਿਸ਼ਾ ਹੈ ਕਿ ਇੰਨੇ ਸੰਗੀਨ ਕੇਸ ਵਿੱਚ ਕੇਂਦਰੀ ਮੰਤਰੀ ਦੇ ਬੇਟੇ ਨੂੰ ਇੰਨੀ ਛੇਤੀ ਜ਼ਮਾਨਤ ਮਿਲ ਗਈ, ਜਦੋਂ ਕਿ ਇਸ ਕੇਸ ਵਿਚ ਫਸਾਏ ਗਏ ਕਿਸਾਨ ਅਜੇ ਜੇਲਵਿੱਚ ਹਨ।ਕਿਸਾਨ ਮੋਰਚੇ ਨੇ ਤੈਅ ਕੀਤਾ ਕਿ ਇਸ ਕੇਸ ਵਿੱਚ ਕਾਨੂੰਨੀ ਲੜਾਈਵਿੱਚ ਢਿੱਲ ਨਹੀਂ ਵਰਤੀ ਜਾਵੇਗੀ ਅਤੇ ਕਿਸਾਨਾਂ ਦੇ ਪਰਿਵਾਰਾਂ ਨੂੰ ਪੂਰੀ ਕਾਨੂੰਨੀ ਮਦਦ ਦਿੱਤੀ ਜਾਵੇਗੀ।

ਮੋਰਚੇ ਦੀ ਅੱਜ ਦੀ ਮੀਟਿੰਗ ਨੇ ਭਾਰਤ ਸਰਕਾਰ ਵੱਲੋਂ 9 ਦਸੰਬਰ ਨੂੰ ਦਿੱਤੇ ਲਿਖਤੀ ਭਰੋਸਿਆਂ ਬਾਰੇ ਕਿਹਾ ਕਿ 3 ਮਹੀਨੇ ਲੰਘਣ ਪਿੱਛੋਂ ਵੀ ਸਰਕਾਰ ਨੇ ਭਰੋਸਿਆਂ ਉੱਤੇ ਕੁਝ ਨਹੀਂ ਕੀਤਾ ਅਤੇਐੱਮ ਐੱਸ ਪੀ ਉੱਤੇ ਕਮੇਟੀ ਬਣਾਉਣ ਦਾ ਨਾਮੋ-ਨਿਸ਼ਾਨ ਵੀ ਨਹੀਂ। ਉਨ੍ਹਾਂ ਕਿਹਾ ਕਿ ਹਰਿਆਣਾ ਤੋਂ ਬਿਨਾਂ ਹੋਰ ਰਾਜਾਂਵਿੱਚ ਅੰਦੋਲਨ ਦੌਰਾਨ ਕਿਸਾਨਾਂ ਵਿਰੁੱਧ ਬਣੇ ਕੇਸ ਵਾਪਸ ਨਹੀਂ ਲਏ ਗਏ। ਦਿੱਲੀ ਪੁਲਸ ਨੇ ਕੁਝ ਕੇਸ ਅੰਸ਼ਿਕ ਰੂਪ ਵਿੱਚ ਵਾਪਸ ਲੈਣ ਦੀ ਗੱਲ ਕਹੀ ਹੈ, ਪਰ ਉਸ ਦੀ ਠੋਸ ਖਬਰ ਨਹੀਂ। ਕਿਸਾਨ ਨੇਤਾਵਾਂ ਨੇ ਲਖੀਮਪੁਰ ਖੀਰੀ ਕਾਂਡ ਉੱਤੇ ਸਰਕਾਰ ਦੀ ਭੂਮਿਕਾ ਤੇ ਕਿਸਾਨ ਅੰਦੋਲਨ ਨੂੰ ਦਿੱਤੇ ਭਰੋਸਿਆਂ ਦੀ ਵਾਅਦਾ ਖਿਲਾਫੀ ਵਿਰੁੱਧ 21 ਮਾਰਚ ਨੂੰ ਰੋਸ ਪ੍ਰਦਰਸ਼ਨ ਕਰਨ ਦਾ ਫ਼ੈਸਲਾ ਲਿਆ ਹੈ।

# ਸੁੱਖੀ ਰੰਧਾਵਾ ਵੱਲੋਂ ਅਕਾਲ ਤਖਤ ਦੇ ਜੱਥੇਦਾਰ ਨੂੰ ਸਿੱਖੀ ਤੇ ਸਿਆਸਤ ਬਾਰੇ ਚਿੱਠੀ

### * ਅਕਾਲੀ ਦਲ ਤੇ ਡੇਰਾ ਸਿਰਸਾ ਬਾਰੇ ਮੁੱਦੇ ਉਭਾਰੇ



ਅੰਮ੍ਰਿਤਸਰ, 14 ਮਾਰਚ, (ਪੋਸਟ ਬਿਊਰੋ)- ਪੰਜਾਬ ਦੇ ਉੱਪ ਮੁੱਖ ਮੰਤਰੀ ਦਾ ਅਹੁਦਾ ਛੱਡ ਰਹੇ ਅਤੇ ਇੱਕ ਵਾਰ ਫਿਰ ਹਲਕਾ ਡੇਰਾ ਬਾਬਾ ਨਾਨਕ ਤੋਂ ਚੁਣੇ ਗਏ ਕਾਂਗਰਸੀ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਨੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਪੱਤਰ ਲਿਖ ਕੇ ਵਿਧਾਨ ਸਭਾ ਚੋਣਾਂ ਤੋਂ ਦੇ ਨਤੀਜਿਆਂ ਤੋਂ ਬਾਅਦ ਜਥੇਦਾਰ ਵੱਲੋਂ ਕੀਤੀਆਂ ਗਈਆਂ ਟਿਪਣੀਆਂ ਉੱਤੇ ਚਿੰਤਾ ਜਤਾਈ ਹੈ।

ਪੱਤਰ ਵਿੱਚ ਸੁਖਜਿੰਦਰ ਸਿੰਘ ਰੰਧਾਵਾ ਨੇ ਲਿਖਿਆ ਕਿਤੁਸੀਂ ਪਹਿਲਾਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਭਾਜਪਾ ਵਿੱਚਜਾਣ ਉਤੇ ਚਿੰਤਾ ਜਤਾਈ ਅਤੇ ਕੌਮ ਨੂੰ ਸੰਦੇਸ਼ ਦਿੱਤਾ ਕਿ 'ਸ਼੍ਰੋਮਣੀ ਅਕਾਲੀ ਦਲ ਨੂੰ ਤਕੜਾ ਕੀਤਾ ਜਾਵੇ, ਜੋ ਪੰਥ ਦੀ ਨੁਮ-ਾਇੰਦਾ ਜਥੇਬੰਦੀ ਹੈ', ਉਸ ਸੰਦੇਸ਼ ਪਿੱਛੋਂ ਸ਼੍ਰੋਮਣੀ ਅਕਾਲੀ ਦਲ (ਬਾਦਲ) 8 ਜਨਵਰੀ ਤੋਂ ਚੋਣਾਂ ਵਿੱਚ ਕੁੱਦ ਪਿਆ ਸੀ।ਉਨ੍ਹਾਂ ਲਿਖਿਆ ਹੈ ਕਿ ਸਿੱਖ ਬਹੁ-ਗਿਣਤੀ ਵਾਲੇ ਪੰਜਾਬ ਵਿੱਚ ਮੌਜੂਦਾ ਚੋਣਾਂ ਪਿੱਛੋਂ ਤੁਹਾਡਾਦਿੱਤਾ ਬਿਆਨ ਦੱਸਦਾ ਹੈ ਕਿ ਪੰਜਾਬ ਤੇ ਪੰਥ ਨੂੰ ਬਾਦਲ ਅਕਾਲੀ ਦਲ ਨੇ ਵਿਸਾਰ ਦਿੱਤਾ ਹੈ। ਉਨ੍ਹਾ ਨੇ ਲਿਖਿਆ ਹੈ ਕਿ ਤੁਸੀਂ ਜਿਸ ਉੱਚੀ ਸੁੱਚੀ ਪਦਵੀ ਉਤੇ ਬਿਰਾਜਮਾਨ ਹੋ, ਭਲੀ ਭਾਂਤ ਜਾਣੂੰ ਹੁੰਦੇ ਹੋਏ ਇਹ ਤਾਂ ਮੰਨ ਲਿਆ ਕਿ ਬਾਦਲਾਂ ਦਾ ਅਕਾਲੀ ਦਲ ਪੰਥ ਤੋਂ ਨਿੱਖੜ ਚੁੱਕਾ ਹੈ, ਪ੍ਰੰਤੂਤੁਹਾਡੇ ਬਿਆਨ ਤੋਂ ਬਾਦਲਾਂ ਪ੍ਰਤੀ ਸਨੇਹ ਝਲਕਦਾ ਹੈ। ਪਿਛਲੀਆਂ ਅਤੇ ਮੌਜੂਦਾ ਚੋਣਾਂ ਵਿੱਚ ਜਿਸ ਤਰ੍ਹਾਂ ਸਿੱਖ ਪਰੰਪਰਾਵਾਂ, ਮਰਿਆਦਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ-ਨਾਮੇ ਨੂੰ ਭੁਲਾਕੇ ਅਕਾਲੀ ਦਲ ਨੇ ਡੇਰਾ ਸਿਰਸਾ ਦੀ ਬੇਸ਼ਰਮੀ ਨਾਲ ਹਮਾਇਤ ਲਈ ਹੈ, ਉਸ ਦਾ ਸਿੱਖ ਸੰਗਤ ਨੇ ਯੋਗ ਜਵਾਬ ਦਿੱਤਾ ਹੈ।'

ਸੁਖਜਿੰਦਰ ਸਿੰਘ ਰੰਧਾਵਾ ਨੇ ਲਿਖਿਆ ਕਿ ਮੇਰੀ ਤੁਹਾਨੂੰ ਇੱਕ ਵਾਰ ਫਿਰ ਬੇਨਤੀ ਹੈ ਕਿ ਪੰਥ ਇਕੱਲੇ ਬਾਦਲਾਂ ਤੱਕ ਨਾ ਰੱਖੋ, ਤੁਸੀਂ 1920 ਦੀ ਗੱਲ ਕੀਤੀ ਹੈ,ਓਦੋਂ ਦੇ ਜਥੇਦਾਰ ਸਾਹਿਬਾਨ ਨੇ ਹਰ ਵਰਗਾਂ ਦੇ ਸੂਝਵਾਨਾਂ, ਜਿਨ੍ਹਾਂ ਵਿਚ ਰਾਜ ਪੱਖੀ, ਵਿਰੋਧੀ ਧਿਰ, ਸਿੰਘ ਸਭਾਵਾਂ, ਸੰਪਰਦਾਵਾਂ, ਚੀਫ ਖਾਲਸਾ ਦੀਵਾਨ, ਸਿੱਖ ਬੁੱਧੀਜੀਵੀਆਂ ਨੂੰ ਨਾਲ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਈ ਸੀ।ਰੰਧਾਵਾ ਨੇ ਲਿਖਿਆ ਕਿ ਸਿੱਖਾਂ ਨੂੰ ਬਾਦਲ ਦਲ ਪਿਛਲੇ 50 ਸਾਲ ਤੋਂ ਘੁਣ ਵਾਂਗ ਲੱਗਾ ਹੋਇਆ ਸੀ, ਜਿਸ ਨੂੰ ਸੰਗਤ ਨੇ ਅੱਜ ਪੰਥ ਤੋਂ ਮਨਫੀ ਕਰ ਦਿੱਤਾ ਹੈ।ਉਨ੍ਹਾਂ ਲਿਖਿਆ ਕਿ ਪੰਥ ਦਾ ਨੁਕਸਾਨ ਬਾਦਲ ਰਾਜ ਦੌਰਾਨ ਹੋਇਆ, ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਘੋਰ ਪਾਪ ਬਾਦਲ ਰਾਜ ਦੌਰਾਨ ਹੋਇਆ, ਪੰਥਕ ਰਵਾਇਤਾਂ ਦਾ ਘਾਣ ਹੋਇਆ, ਤੁਹਾਨੂੰ ਵਾਹਿਗੁਰੂ ਨੇ ਮੌਕਾ ਬਖਸ਼ਿਆ ਹੈ, ਤੁਸੀਂ ਸਮੁੱਚੀ ਕੌਮ ਦੇ ਜਥੇਦਾਰ ਹੋ, ਸਮੁੱਚੀ ਕੌਮ ਦੀ ਅਗਵਾਈ ਤੁਹਾਡੇ ਹੱਥ ਹੈ। ਬਾਦਲ ਦਲ ਦਾ ਫਿਕਰ ਛੱਡ ਕੇ ਸਮੁੱਚੀ ਕੌਮ ਦੀ ਅਗਵਾਈ ਕਰੋ।

# ਖਟਕੜ ਕਲਾਂ ਦੇ ਯਾਦਗਾਰੀ ਪਾਰਕ ਦਾ ਬਿਜਲੀ ਬਿੱਲ ਪਿਛਲੇ ਦੋ ਸਾਲਾਂ ਤੋਂ ਨਹੀਂ ਭਰਿਆ ਗਿਆ

ਜਲੰਧਰ, 14 ਮਾਰਚ (ਪੋਸਟ ਬਿਊਰੋ)- ਸ਼ਹੀਦੇ ਆਜ਼ਮ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿੱਚ ਅਗਲੇ ਮੁੱਖ ਮੰਤਰੀ ਭਗਵੰਤ ਮਾਨ ਦੇ ਸਹੁੰ ਚੁੱਕ ਸਮਾਗਮ ਉੱਤੇ ਕਰੀਬ ਦੋ ਕਰੋੜ ਰੁਪਏ ਖਰਚ ਕੀਤੇ ਜਾਣੇ ਹਨ ਅਤੇ ਇਸ ਪਿੰਡ ਵਾਸੀਆਂ ਨੂੰ ਨਵੀਂ ਸਰਕਾਰ ਤੋਂ ਆਸ ਹੈ ਕਿ ਸ਼ਹੀਦ ਏ ਆਜ਼ਮ ਭਗਤ ਸਿੰਘ ਦੇ ਜੱਦੀ ਘਰ ਨੇੜਲੀ ਯਾਦਗਾਰੀ ਪਾਰਕ ਦੇ ਬਕਾਇਆ ਬਿਜਲੀ ਬਿੱਲ ਦਾ ਭੁਗਤਾਨ ਵੀ ਛੇਤੀ ਕਰਵਾ ਦਿੱਤਾ ਜਾਵੇਗਾ।

ਮਿਲੀ ਜਾਣਕਾਰੀ ਅਨੁਸਾਰ ਸ਼ਹੀਦ ਭਗਤ ਸਿੰਘ ਦੇ ਜੱਦੀ ਘਰ ਨੇੜਲੇ ਪਾਰਕ ਦਾ ਕਰੀਬ 1.70 ਲੱਖ ਰੁਪਏ ਦਾ ਬਿੱਲ ਦੋ ਸਾਲਾਂ ਤੋਂ ਨਹੀਂ ਭਰਿਆ ਗਿਆ ਅਤੇ ਨਵੰਬਰ 2019 ਤੋਂ ਖੜ੍ਹਾ ਹੈ, ਪਰ ਸ਼ਹੀਦ ਭਗਤ ਯਾਦਗਾਰੀ ਮਿਊਜ਼ੀਅਮ ਤੇ ਸ਼ਹੀਦ ਦੇ ਜੱਦੀ ਘਰ ਦੇ ਬਿਜਲੀ ਬਿੱਲ ਦਾ ਭੁਗਤਾਨ ਕੀਤਾ ਜਾਂਦਾ ਹੈ। ਇੱਥੇ 16 ਮਾਰਚ ਨੂੰ ਹੋਣ ਵਾਲੇ ਨਵੀਂ ਸਰਕਾਰ ਦੇ ਸਹੁੰ ਚੁੱਕ ਸਮਾਗਮ ਦੇ ਬਾਵਜੂਦ ਪਾਰਕ ਦਾ ਬਿਜਲੀ ਬਿੱਲ ਨਹੀਂ ਭਰਿਆ ਗਿਆ। ਇਸ ਦੀ ਸੰਭਾਲ ਲਈ ਲੋੜੀਂਦਾ ਸਟਾਫ ਵੀ ਨਹੀਂ ਤੇ ਕਈਆਂ ਦੀ ਛਾਂਟੀ ਕਰ ਦਿੱਤੀ ਗਈ ਅਤੇ ਬਾਕੀਆਂ ਨੂੰ ਸਮੇਂ ਸਿਰ ਤਨਖਾਹ ਵੀ ਨਹੀਂ ਮਿਲਦੀ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਉਹ ਸ਼ਹੀਦ ਦੀ ਯਾਦਗਾਰ ਤੇ ਜੱਦੀ ਘਰ ਦੀ ਸੰਭਾਲ ਲਈ ਤੈਨਾਤ ਅਮਲੇ ਦੀ ਫੰਡਾਂ ਨਾਲ ਮਦਦ ਕਰਦੇ ਹਨ।ਘਾਹ ਕੱਟਣ ਵਾਲੀ ਮਸ਼ੀਨ ਤੇ ਇੱਥੋਂ ਤਕ ਕਿ ਝਾੜੂ ਵੀ ਉਨ੍ਹਾਂ ਨੇ ਲੈ ਕੇ ਦਿੱਤੇ ਹਨ। ਪਿੰਡ ਵਾਸੀਆਂ ਨੇ ਫੁਹਾਰੇ ਦੇ ਵਾਧੂ ਪਾਣੀ ਨੂੰ ਕੱਢਣ ਲਈ ਪੰਪ ਦੇਣ ਦੀ ਅਪੀਲ ਕੀਤੀ ਹੈ। ਸ਼ਹੀਦ ਏ ਆਜ਼ਮ ਭਗਤ ਸਿੰਘ ਲਾਇਬਰੇਰੀ ਵੀ ਬੰਦ ਪਈ ਹੈ। ਕਪੂਰਥਲਾ ਦੀ ਐਸ ਡੀ ਐਮ ਨਵਨੀਤ ਬੱਲ ਨੇ ਆਖਿਆ ਕਿ ਕਰੀਬ ਡੇਢ ਲੱਖ ਰੁਪਏ ਬਕਾਇਆ ਬਿੱਲ ਸੈਰ ਸਪਾਟਾ ਵਿਭਾਗ ਦੇ ਧਿਆਨ ਵਿੱਚ ਲਿਆ ਕੇ ਛੇਤੀ ਹੀ ਭਰਵਾ ਦਿੱਤਾ ਜਾਵੇਗਾ।

# ਪੰਜਾਬ ਵਿੱਚ 'ਨੋਟਾ' ਦਾ ਬਟਨ 1.06 ਲੱਖ ਵੋਟਰਾਂ ਨੇ ਦੱਬਿਆ

ਮੋਗਾ, 14 ਮਾਰਚ (ਪੋਸਟ ਬਿਊਰੋ)- ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਲਈ ਪਈਆਂ ਵੋਟਾਂ ਵਿੱਚ ਇਸ ਵਾਰ 1.06 ਲੱਖ ਵੋਟਰਾਂ ਨੇ ਸਿਆਸੀ ਧਿਰਾਂ ਤੇ ਉਮੀਦਵਾਰਾਂ ਪ੍ਰਤੀ ਨਾਰਾਜ਼ਗੀ ਪ੍ਰਗਟ ਕਰਦਿਆਂ 'ਨੋਟਾ' (ਕੋਈ ਉਮੀਦਵਾਰ ਪਸੰਦ ਨਹੀਂ) ਵਾਲਾ ਬਟਨ ਦੱਬਿਆ ਹੈ, ਜੋ ਇਸ ਵਾਰੀ ਪੋਲ ਹੋਈਆਂ ਵੋਟਾਂ ਦਾ 0.71 ਫੀਸਦੀ ਬਣਦਾ ਹੈ।

ਭਾਰਤ ਦੇ ਚੋਣ ਕਮਿਸ਼ਨ ਵੱਲੋਂ ਪੰਜਾਬ ਵਿਧਾਨ ਸਭਾ ਦੇ ਹਲਕਾ ਵਾਰ ਦੱਸੇ ਨਤੀਜਿਆਂ ਵਿੱਚ ਜ਼ਿਲ੍ਹਾ ਅੰਮ੍ਰਿਤਸਰ ਦੇ ਵਿਧਾਨ ਸਭਾ ਹਲਕਾ ਖੇਮਕਰਨ ਦੇ ਸਭ ਤੋਂ ਵੱਧ 1832 ਵੋਟਰਾਂ ਨੇ ਇਸ ਬਟਨ ਦੀ ਵਰਤੋਂ ਕੀਤੀ ਹੈ। ਦੂਸਰੇ ਨੰਬਰ ਉਤੇ ਜ਼ਿਲ੍ਹਾ ਲੁਧਿਆਣਾ ਦੇ ਰਿਜ਼ਰਵ ਹਲਕਾ ਗਿੱਲ ਦੇ 1701 ਵੋਟਰ, ਤੀਸਰੇ ਨੰਬਰ ਉੱਤੇ ਜ਼ਿਲ੍ਹਾ ਪਟਿਆਲਾ ਦੇ ਹਲਕਾ ਸਨੌਰ ਦੇ 1617, ਚੌਥੇ ਨੰਬਰ ਉੱਤੇ ਜ਼ਿਲ੍ਹਾ ਬਠਿੰਡਾ ਦੇ ਹਲਕਾ ਭੁੱਚੋ ਮੰਡੀ ਦੇ 1555 ਤੇ ਪੰਜਵੇਂ ਨੰਬਰ ਉੱਤੇ ਸ਼ੁਤਰਾਣਾ ਰਿਜ਼ਰਵ ਹਲਕੇ ਦੇ 1536 ਵੋਟਰਾਂ ਨੇ ਨੋਟਾ ਦਾ ਬਟਨ ਦੱਬਿਆ ਹੈ। ਵਰਨਣ ਯੋਗ ਹੈ ਕਿ 2019 ਦੀਆਂ ਲੋਕ ਸਭਾ ਚੋਣਾਂ ਵਿੱਚ 1.04 ਫੀਸਦੀ ਵੋਟਰਾਂ ਨੇ ਸਾਰੇ ਉਮੀਦਵਾਰਾਂ ਨੂੰ ਰੱਦ ਕਰਨ ਲਈ ਨੋਟਾ ਦਾ ਬਟਨ ਦੱਬਿਆ ਸੀ। ਸੁਪਰੀਮ ਕੋਰਟ ਨੇ ਸਾਲ 2013 ਵਿੱਚ ਵੋਟਰਾਂ ਨੂੰ ਨੁਮਾਇੰਦਗੀ ਦਾ ਅਧਿਕਾਰ ਦਿੰਦਿਆਂ ਚੋਣ ਕਮਿਸ਼ਨ ਨੂੰ ਇਲੈਕਟ੍ਰਾਨਿਕ ਵੋਟਿੰਗ ਮਸ਼ੀਨ ਉੱਤੇ ਨੋਟਾ ਦਾ ਬਟਨ ਲਾਉਣ ਦਾ ਹੁਕਮ ਦਿੱਤਾ ਸੀ। ਇਸ ਵਾਰ ਵੀ ਪੰਜਾਬ ਦੀਆਂ ਕਈ ਜਨਤਕ ਜਥੇਬੰਦੀਆਂ ਵੱਲੋਂ ਵੋਟ ਬਾਈਕਾਟ ਜਾਂ ਨੋਟਾ ਦਾ ਬਟਨ ਦੱਬਣ ਦਾ ਸੱਦਾ ਦਿੱਤਾ ਗਿਆ ਸੀ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Harcharan S. Grover
Chartered Accountant
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
• ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
• ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
• ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
• ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# ਇੱਕ ਹੀ ਖਲਨਾਇਕ ਨਹੀਂ ਹੈ ਰੂਸ-ਯੂਕਰੇਨ ਦੀ ਜੰਗ ਦਾ



-ਰਾਜੀਵ ਸਚਾਨ-

ਜੰਗਾਂ ਤਬਹੀ ਦਾ ਕਾਰਨ ਬਣਦੀਆਂ ਹਨ, ਪਰ ਕਦੇ-ਕਦੇ ਲਾਜ਼ਮੀ ਹੋ ਜਾਂਦੀਆਂ ਹਨ। ਜਿਵੇਂ 1971 ਦੀ ਬੰਗਲਾ ਦੇਸ਼ ਜੰਗ। ਚੇਤੇ ਰੱਖੋ ਕਿ ਅੱਜ ਜੋ ਅਮਰੀਕਾ ਅਤੇ ਬ੍ਰਿਟੇਨ ਯੂਕਰੇਨ ਉੱਤੇ ਰੂਸ ਦੇ ਹਮਲੇ ਉੱਤੇ ਭਾਰਤ ਨੂੰ ਆਪਣੇ ਪੱਖ ਵਿੱਚ ਲਿਆਉਣਾ ਚਾਹੁੰਦੇ ਹਨ, ਉਨ੍ਹਾਂ ਨੇ 1971 ਦੀ ਜੰਗ ਵਿੱਚ ਕਿੱਦਾਂ ਪਾਕਿਸਤਾਨ ਦੀ ਫੌਜੀ ਮਦਦ ਕਰਨ ਦੀ ਕੋਸ਼ਿਸ ਕੀਤੀ ਸੀ। ਇਨ੍ਹੀਂ ਦਿਨੀਂ ਅਮਰੀਕਾ ਅਤੇ ਉਸ ਦੇ ਸਾਥੀ ਦੇਸ਼ ਅਤੇ ਇਨ੍ਹਾਂ ਦੇਸ਼ਾਂ ਦਾ ਬਹੁਤਾ ਮੀਡੀਆ ਸਿਰਫ ਪੁਤਿਨ ਨੂੰ ਖਲਨਾਇਕ ਸਾਬਿਤ ਕਰਨ ਰੁੱਝਿਆ ਹੋਇਆ ਹੈ। ਯੂਕਰੇਨ ਉੱਤੇ ਰੂਸ ਦੇ ਹਮਲੇ ਦਾ ਸਮਰਥਨ ਨਹੀਂ ਕੀਤਾ ਜਾ ਸਕਦਾ। ਇਸ ਹਮਲੇ ਨੇ ਯੂਕਰੇਨ ਵਿੱਚ ਤਬਾਹੀ ਮਚਾਉਣ ਦੇ ਨਾਲ ਵਿਸ਼ਵ ਸ਼ਾਂਤੀ ਤੇ ਸੰਸਾਰ ਅਰਥਚਾਰੇ ਨੂੰ ਗੰਭੀਰ ਖਤਰੇ ਵਿੱਚ ਪਾ ਦਿੱਤਾ ਹੈ, ਪਰ ਕਲਪਨਾ ਕਰੋ ਕਿ ਜੇ ਚੀਨ ਕੱਲ੍ਹ ਨੂੰ ਬੰਗਲਾ ਦੇਸ਼ ਨੂੰ ਆਪਣੇ ਪ੍ਰਭਾਵ ਵਿੱਚ ਲੈ ਕੇ ਉਥੇ ਆਪਣੇ ਫੌਜੀ ਅੱਡੇ ਬਣਾਉਣ ਲੱਗੇ ਤਾਂ ਕੀ ਭਾਰਤ ਨੂੰ ਸਵੀਕਾਰ ਹੋਵੇਗਾ? ਕੀ ਚੀਨ ਦੀ ਅਜਿਹੀ ਕਿਸੇ ਪਹਿਲ ਉੱਤੇ ਭਾਰਤ ਨੂੰ ਇਹ ਕਹਿ ਕੇ ਬੰਗਲਾ ਦੇਸ਼ ਉੱਤੇ ਹਮਲਾ ਕਰ ਦੇਣਾ ਚਾਹੀਦਾ ਹੈ ਕਿ ਇੱਕ ਸਮੇਂ ਇਹ ਸਾਡਾ ਹੀ ਹਿੱਸਾ ਸੀ? ਇਸ ਕਲਪਨਾ ਤੋਂ ਬਾਹਰ ਨਿਕਲ ਕੇ ਇਸ ਯਥਾਰਥ ਨੂੰ ਦੇਖੀਏ ਕਿ ਚੀਨ ਮਕਬੂਜ਼ਾ ਕਸ਼ਮੀਰ ਅਰਥਾਤ ਸਾਡੇ ਭੂ-ਭਾਗ ਉੱਤੇ ਗਲਿਆਰਾ ਬਣਾ ਰਿਹਾ ਹੈ। ਕੀ ਇਸ ਕਾਰਨ ਭਾਰਤ ਨੂੰ ਉਥੇ ਹਮਲਾ ਕਰ ਦੇਣਾ ਚਾਹੀਦਾ ਹੈ? ਯੂਕਰੇਨ ਇੱਕ ਪ੍ਰਭੂਸੱਤਾ ਸੰਪੰਨ ਦੇਸ਼ ਹੈ, ਪਰ ਉਸ ਨੂੰ ਰੂਸ ਦੀਆਂ ਸੁਰੱਖਿਆ ਚਿੰਤਾਵਾਂ ਦੀ ਅਣਦੇਖੀ ਨਹੀਂ ਕਰਨੀ ਚਾਹੀਦੀ ਸੀ। ਕਿਸੇ ਵੀ ਦੇਸ਼ ਦੀ ਸੁਰੱਖਿਆ ਸਿਰਫ ਉਸ ਦੀ ਭੂਗੋਲਿਕ ਸਥਿਤੀ ਉੱਤੇ ਹੀ ਨਹੀਂ, ਬਲਕਿ ਉਸ ਪੂਰੇ ਖੇਤਰ ਉੱਤੇ ਨਿਰਭਰ ਕਰਦੀ ਹੈ।

ਇਸੇ ਕਾਰਨ ਭਾਰਤ ਸ੍ਰੀਲੰਕਾ, ਮਾਲਦੀਵ, ਨੇਪਾਲ ਵਰਗੇ ਦੇਸ਼ਾਂ ਨੂੰ ਚੀਨ ਦੇ ਚੁੰਗਲ ਤੋਂ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਕੀ ਬੀਤੇ ਵਿੱਚ ਇਨ੍ਹਾਂ ਦੇਸ਼ਾਂ ਦੇ ਚੀਨ ਦੇ ਪਾਸੇ ਜਾਣ ਦੀ ਕੋਸ਼ਿਸ਼ ਉੱਤੇ ਭਰਾਤ ਇਹ ਕਹਿ ਕੇ ਕਰਤੱਵ ਤੋਂ ਮੂੰਹ ਮੋੜ ਲੈਂਦਾ ਕਿ ਇਹ ਪ੍ਰਭੂਸੱਤਾ ਸੰਪੰਨ ਦੇਸ਼ ਹਨ ਅਤੇ ਜੇ ਇਹ ਚੀਨ ਦੀ ਗੋਦੀ ਵਿੱਚ ਬੈਠਣਾ ਚਾਹੁੰਦੇ ਹਨ ਤਾਂ ਉਨ੍ਹਾਂ ਦੀ ਮਰਜ਼ੀ। ਰੂਸ ਲਗਾਤਾਰ ਇਸ ਦਾ ਵਿਰੋਧ ਕਰਦਾ ਸੀ ਕਿ ਯੂਕਰੇਨ ਨੂੰ ਅਮਰੀਕੀ ਅਗਵਾਈ ਵਾਲੇ ਫੌਜੀ ਸੰਗਠਨ ਨਾਟੋ ਦਾ ਹਿੱਸਾ ਨਹੀਂ ਬਣਨਾ ਚਾਹੀਦਾ, ਪਰ ਅਮਰੀਕਾ ਉਸ ਨੂੰ ਇਸ ਫੌਜੀ ਧੜੇ ਦਾ ਹਿੱਸਾ ਬਣਾਉਣ ਲਈ ਕਾਹਲਾ ਸੀ। ਨਾਟੋ ਦਾ ਗਠਨ ਸੋਵੀਅਤ ਰੂਸ ਦੇ ਜ਼ਮਾਨੇ ਵਿੱਚ ਕਮਿਊਨਿਸਟ ਦੇ ਵਾਧੇ ਨੂੰ ਰੋਕਣ ਲਈ ਕੀਤਾ ਸੀ। ਸੰਨ 1991 ਵਿੱਚ ਸੋਵੀਅਤ ਰੂਸ ਦੇ ਖਿੰਡਣ ਪਿੱਛੋਂ ਜਦ ਉਸ ਦੀ ਅਗਵਾਈ ਵਾਲੇ ਵਾਰਸਾ ਪੈਕਟ ਦੀ ਹੋਂਦ ਸਮਾਪਤ ਹੋ ਗਈ ਤਾਂ ਜੇ ਨਾਟੋ ਆਪਣੀ ਦੁਕਾਨ ਨਹੀਂ ਸਮੇਟਦਾ ਤਾਂ ਘੱਟੋ-ਘੱਟ ਉਸ ਦਾ ਵਾਧਾ ਰੋਕ ਦਿੰਦਾ। ਉਸ ਨੇ ਰੂਸ ਦੇ ਰੋਕਣ ਪਿੱਛੋਂ ਵੀ ਇਹਵਾਧਾ ਜਾਰੀ ਰੱਖਿਆ। ਅਮਰੀਕਾ ਤੇ ਯੂਰਪੀ ਦੇਸ਼ ਸੋਵੀਅਤ ਰੂਸ ਅਤੇ ਵਾਰਸਾ ਪੈਕੇਟ ਵਿੱਚ ਰਹੇ ਦੇਸ਼ਾਂ ਨੂੰ ਵੀ ਨਾਟੋ ਦੇ ਘੇਰੇ ਵਿੱਚ ਲੈ ਏ। ਜਦ ਉਹ ਯੂਕਰੇਨ ਨੂੰ ਨਾਟੋ ਦਾ ਹਿੱਸਾ ਬਣਾਉਣ ਲਈ ਅੱਗੇ ਵਧੇ ਤਾਂ ਰੂਸ ਨੇ ਉਨ੍ਹਾਂ ਨੂੰ ਆਗਾਹ ਕੀਤਾ।

ਅਮਰੀਕਾ ਤੇ ਯੂਰਪੀ ਦੇਸ਼ ਇਸ ਤੋਂ ਬਾਅਦ ਵੀ ਇਸ ਲਈ ਨਹੀਂ ਮੰਨੇ ਕਿ ਯੂਕਰੇਨ ਨੂੰ ਨਾਟੋ ਦਾ ਹਿੱਸਾ ਬਣਾਉਣ ਦੀ ਕੋਸ਼ਿਸ਼ ਰੂਸ ਨੂੰ ਭੜਕਾਉਣ ਵਾਲੀ ਕਾਰਵਾਈ ਹੋਵੇਗੀ। ਰੂਸ ਦੀਆਂ ਸੁਰੱਖਿਆ ਚਿੰਤਾਵਾਂ ਸਮਝਣ ਦੀ ਥਾਂ ਅਮਰੀਕਾ ਤੇ ਯੂਰਪੀ ਦੇਸ਼ ਯੂਕਰੇਨ ਨੂੰ ਨਾ ਸਿਰਫ ਫੌਜੀ ਮਦਦ ਦੇਣ ਲੱਗੇ, ਸਗੋਂ ਉਸ ਦੀਆਂ ਫੌਜਾਂ ਨਾਲ ਸਾਂਝੀਆਂ ਜੰਗੀ ਮਸ਼ਕਾਂ ਕਰਨ ਲੱਗ ਪਏ। ਅਜਿਹੀਆਂ ਦੋ ਜੰਗੀ ਮਸ਼ਕਾਂ ਬੀਤੇ ਸਾਲ ਜੂਨ ਅਤੇ ਸਤੰਬਰ ਵਿੱਚ ਹੋਈਆਂ। ਸ਼ਾਇਦ ਇਸੇ ਤੋਂ ਬਾਅਦ ਪੁਤਿਨ ਇਸ ਨਤੀਜੇ ਉੱਤੇ ਪੁੱਜੇ ਕਿ ਪਾਣੀ ਸਿਰ ਉਪਰੋਂ ਲੰਘਣ ਲੱਗਾ ਹੈ। ਉਨ੍ਹਾਂ ਨੇ ਯੂਕਰੇਨ ਉੱਤੇ ਹਮਲਾ ਕਰ ਦਿੱਤਾ। ਉਨ੍ਹਾਂ ਨੂੰ ਲੈਣੇ ਦੇ ਦੇਣੇ ਪੈ ਸਕਦੇ ਹਨ, ਕਿਉਂਕਿ ਯੂਕਰੇਨੀ ਲੋਕ ਆਪਣੇ ਦੇਸ਼ ਨੂੰ ਬਚਾਉਣ ਲਈ ਕੁਝ ਵੀ ਕਰਨ ਨੂੰ ਤਿਆਰ ਹਨ। ਇਸ ਵੇਲੇ ਯੂਕਰੇਨ ਤਬਾਹ ਹੋ ਰਿਹਾ ਹੈ, ਪਰ ਅਮਰੀਕਾ-ਯੂਰਪੀ ਦੇਸ਼ ਸ਼ਾਂਤੀ ਦੀ ਕੋਈ ਠੋਸ ਪਹਿਲ ਕਰਨ ਦੀ ਥਾਂ ਉਸ ਨੂੰ ਹਥਿਆਰਾਂ ਦੇਈ ਜਾ ਰਹੇ ਹਨ। ਇਸ ਨਾਲ ਗੱਲ ਬਣਨ ਦੀ ਥਾਂ ਵਿਗੜ ਰਹੀ ਹੈ। ਲੱਗਦਾ ਹੈ ਕਿ ਅਮਰੀਕਾ-ਯੂਰਪ ਨੂੰ ਆਪਣੀਆਂ ਹਥਿਆਰ ਕੰਪਨੀਆਂ ਦੇ ਹਿੱਤਾਂ ਦੀ ਚਿੰਤਾ ਵੱਧ ਹੈ। ਅਮਰੀਕਾ ਨੇ ਪੁਤਿਨ ਨੂੰ ਤਾਨਾਸ਼ਾਹ ਆਖਿਆ, ਪਰ ਉਸੇ ਅਮਰੀਕਾ ਦਾ ਇੱਕ ਸਮੇਂ ਦੁਨੀਆ ਭਰ ਦੇ ਤਾਨਾਸ਼ਾਹਾਂ ਨਾਲ ਯਾਰਾਨਾ ਸੀ-ਚਾਹੇ ਪਾਕਿਸਤਾਨ ਦੇ ਜਨਰਲ ਜ਼ਿਆ ਹੋਣ ਜਾਂ ਇਰਾਕ ਦੇ ਸੱਦਾਮ ਹੁਸੈਨ ਜਾਂ ਲੀਬੀਆ ਦੇ ਗੱਦਾਫੀ। ਜਦ ਸੱਦਾਮ ਹੁਸੈਨ ਅਮਰੀਕੀ ਹਿੱਤਾਂ ਦੀ ਪੂਰਤੀ ਵਿੱਚ ਅੜਿੱਕਾ ਬਣਨ ਲੱਗਾ ਤਾਂ ਅਮਰੀਕਾ ਤੇ ਉਸ ਦੇ ਨਾਲ ਪੱਛਮੀ ਮੀਡੀਆ ਨੂੰ ਇਰਾਕ ਵਿਚ ਵੱਡੇ ਪੱਧਰ ਉਤੇ ਜਾਨ-ਲੇਵਾ ਹਥਿਆਰਾਂ ਦਾ ਜ਼ਖੀਰਾਂ 'ਦਿੱਸ' ਗਿਆ। ਫਿਰ ਉਸ ਉੱਤੇ ਹਮਲਾ ਕਰ ਕੇ ਉਸ ਨੂੰ ਤਬਾਹ ਕਰ ਦਿੱਤਾ। ਇਸ ਤਬਾਹੀ ਨਾਲ ਹੀ ਖੂੰਖਾਰ ਅੱਤਵਾਦੀ ਸੰਗਠਨ ਆਈ ਐਸ ਯਾਨੀ ਇਸਲਾਮਿਕ ਸਟੇਟ ਜਨਮਿਆ, ਜਿਸ ਨੇ ਸੀਰੀਆ ਵਿੱਚ ਜੜ੍ਹਾਂ ਜਮਾ ਲਈਆਂ। ਓਦੋਂ ਅਮਰੀਕਾ ਨੂੰ ਲੱਗਾ ਕਿ ਸੀਰੀਆ ਵਿੱਚ ਬਸ਼ਰ ਅਲ ਅਸਦ ਦੀ ਥਾਂ ਉਸੇਤਰ੍ਹਾਂ ਚੱਲਣ ਵਾਲਾ ਸ਼ਾਸਕ ਹੋਣਾ ਚਾਹੀਦਾ ਹੈ। ਇਹ ਉਸੇ ਤਰ੍ਹਾਂ ਦੀ ਚਾਹਤ ਸੀ, ਜਿੱਦਾਂ ਦੀ ਅੱਜ ਰੂਸ ਯੂਕਰੇਨ ਦੇ ਕੇਸ ਵਿੱਚ ਦਿਖਾ ਰਿਹਾ ਹੈ। ਅਮਰੀਕਾ ਨੇ ਅਸਦ ਨੂੰ ਸੱਤਾ ਤੋਂ ਹਟਾਉਣ ਲਈ ਉਥੇ ਵੀ ਫੌਜੀ ਦਖਲ ਦਿੱਤਾ। ਇਸ ਨਾਲ ਆਈ ਐਸ ਨੂੰ ਮਦਦ ਮਿਲੀ। ਇਹ ਸੰਗਠਨ ਇਰਾਕ ਵਿੱਚ ਭਾਵੇਂ ਪਸਤ ਹੋ ਗਿਆ, ਪਰ ਉਸ ਦੇ ਅੱਤਵਾਦੀ ਪਤਾ ਨਹੀਂ ਕਿੰਨੇ ਦੇਸ਼ਾਂ ਵਿੱਚ ਫੈਲ ਗਏ ਹਨ। ਇੱਕ ਸਮੇਂ ਡੋਨਾਲਡ ਟਰੰਪ ਨੇ ਕਿਹਾ ਸੀ ਕਿ ਆਈ ਐਸ ਦੇ ਬਾਨੀ ਬਰਾਕ ਓਬਾਮਾ ਹਨ। ਟਰੰਪ ਕਿਸੇ ਨੂੰ ਕੁਝ ਵੀ ਕਹਿ ਸਕਦੇ ਹਨ, ਪਰ 2009 ਦੇ ਨੋਬਲ ਇਨਾਮ ਜੇਤੂ ਓਬਾਮਾ ਨੇ ਇਕੱਲੇ 2016 ਵਿੱਚ ਇਰਾਕ, ਸੀਰੀਆ, ਲੀਬੀਆ, ਸੋਮਾਲੀਆ, ਯਮਨ ਵਿੱਚ ਹਮਲੇ ਕਰ ਕੇ 24 ਹਜ਼ਾਰ ਤੋਂ ਵੱਧ ਬੰਬ ਵਰ੍ਹਾਏ। ਇਹ ਅੰਕੜੇ ਬ੍ਰਿਟਿਸ਼ ਅਖਬਾਰ ਦਿ ਗਾਰਡੀਅਨ ਦੇ ਹਨ। ਇਨ੍ਹਾਂ ਦੇਸ਼ਾਂ ਵਿੱਚ ਹਮਲਿਆਂ ਵੇਲੇ ਅਮਰੀਕਾ ਦਾ ਸਾਥ ਹੋਰ ਨਾਟੋ ਦੇਸ਼ ਵੀ ਦੇਂਦੇ ਰਹੇ। ਜਦ ਇਹ ਸਭ ਹੋ ਰਿਹਾ ਸੀ ਤਾਂ ਪੱਛਮੀ ਮੀਡੀਆ ਕਹਿ ਰਿਹਾ ਸੀ ਕਿ ਇਨ੍ਹਾਂ ਦੇਸ਼ਾਂ ਨੂੰ ਤਾਨਾਸ਼ਾਹਾਂ ਤੋਂ ਮੁਕਤ ਕਰਾ ਕੇ ਉਥੇ ਲੋਕਤੰਤਰ ਦੇ ਪਸਾਰ ਨੂੰ ਪਹਿਲ ਕੀਤੀ ਜਾ ਰਹੀ ਹੈ। ਅੱਜ ਇਨ੍ਹਾਂ ਦੇਸ਼ਾਂ ਦੀ ਹਾਲਤ ਕਿਸੇ ਤੋਂ ਲੁਕੀ ਨਹੀਂ। ਭਾਵੇਂ ਇਸ ਦਾ ਇਹ ਮਤਲਬ ਨਹੀਂ ਕਿ ਜੋ ਗਲਤ ਕੰਮ ਅਮਰੀਕਾ ਨੇ ਕੀਤੇ, ਉਹੀ ਰੂਸ ਕਰੇ, ਪਰ ਸਮਝਣਾ ਜਾਣਾ ਚਾਹੀਦਾ ਹੈ ਕਿ ਇਸ ਜੰਗ ਦਾ ਇੱਕੋ ਖਲਨਾਇਕ ਨਹੀਂ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer Marketing: | Aman Warraich Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਹੋਰਨਾਂ ਨੇ ਪਾਏ ਪੱਕੇ ਚੁਬਾਰੇ...

-ਬਹਾਦਰ ਸਿੰਘ ਗੋਸਲ

ਸਦੀਆਂ ਤੋਂ ਗੁਲਾਮ ਰਹੇ ਦੇਸ਼ ਦੇ ਸਮਾਜਕ, ਆਰਥਿਕ ਤੇ ਰਾਜਨੀਤਕ ਹਾਲਾਤ ਬਹੁਤ ਖਰਾਬ ਹੋ ਚੁੱਕੇ ਸਨ। ਇਹ ਹਾਲਾਤ ਦੇਸ਼ ਦੀ ਆਜ਼ਾਦੀ ਆਉਣ ਤੱਕ ਬਣੇ ਰਹੇ। ਪੰਜਾਬ ਭਾਵੇਂ ਕੁਝ ਤਰੱਕੀ ਵਾਲਾ ਪ੍ਰਾਂਤ ਰਿਹਾ, ਪਰ ਪੰਜਾਬ ਦੇ ਪਿੰਡਾਂ ਦੇ ਹਾਲਾਤ ਵੀ ਤਰਸਯੋਗ ਹੀ ਸਨ। ਗਰੀਬੀ, ਬੇਰੁਜ਼ਗਾਰੀ, ਅਨਪੜ੍ਹਤਾ ਅਤੇ ਸਿਹਤ ਸਹੂਲਤਾਂ ਦੀ ਘਾਟ ਕਾਰਨ ਲੋਕਾਂ ਦਾ ਰਹਿਣ-ਸਹਿਣ, ਖਾਣ-ਪੀਣ ਬਹੁਤਾ ਚੰਗਾ ਨਹੀਂ ਸੀ ਰਿਹਾ। ਪਿੰਡਾਂ ਦੇ ਲੋਕਾਂ ਕੋਲ ਖੇਤੀ ਜਾਂ ਘਰੇਲੂ ਛੋਟੇ ਧੰਦਿਆਂ ਬਿਨਾਂ ਕੋਈ ਆਮਦਨ ਦਾ ਸਾਧਨ ਨਹੀਂ ਸੀ। ਆਵਾਜਾਈ ਦੇ ਸਾਧਨ ਨਾਂਮਾਤਰ ਸਨ ਤੇ ਲੋਕਾਂ ਨੂੰ ਆਪਣੀਆਂ ਲੋੜਾਂ ਦੀਆਂ ਵਸਤਾਂ ਲੈਣ ਲਈ ਕਈ-ਕਈ ਮੀਲ ਤੁਰ ਕੇ ਸ਼ਹਿਰਾਂ ਵਿੱਚ ਜਾਣਾ ਪੈਂਦਾ ਸੀ। ਕੱਚੇ ਰਾਹਾਂ ਉੱਤੇ ਤੁਰਨਾ ਅਤੇ ਮਿੱਟੀ ਘੱਟੇ ਵਿੱਚੋਂ ਲੰਘਣਾ ਹੀ ਪੈਂਦਾ ਸੀ। ਕਾਰਾਂ-ਮੋਟਰਾਂ ਦਾ ਸਫਰ ਕੋਈ ਹੈ ਹੀ ਨਹੀਂ ਸੀ।

ਸੰਨ 1947 ਤੱਕ ਲੋਕਾਂ ਦਾ ਰਹਿਣ-ਸਹਿਣ ਇੰਨਾ ਨੀਵੇਂ ਪੱਧਰ ਦਾ ਸੀ ਕਿ ਉਨ੍ਹਾਂ ਨੂੰ ਮਿੱਟੀ ਦੇ ਬਣੇ ਕੱਚੇ ਮਕਾਨਾਂ ਵਿੱਚ ਜੀਵਨ ਬਸਰ ਕਰਨਾ ਪੈਂਦਾ ਸੀ। ਪਿੰਡਾਂ ਵਿੱਚ ਬਹੁਤੇ ਮਕਾਨ ਕੱਚੇ ਹੁੰਦੇ ਸਨ, ਜੋ ਮੋਟੀਆਂ ਕੰਧਾਂ ਤੋਂ ਬਣੇ ਹੁੰਦੇ ਅਤੇ ਛੱਤਾਂ ਵੀ ਘਾਹ ਫੂਸ ਦੀਆਂ ਬਣੀਆਂ ਹੁੰਦੀਆਂ ਸਨ। ਇੱਟਾਂ ਬਣਾਉਣ ਦੇ ਭੱਠੇ ਬਹੁਤ ਘੱਟ ਸਨ ਅਤੇ ਇੱਟਾਂ ਆਮ ਗਰੀਬ ਲੋਕਾਂ ਦੀ ਖਰੀਦ ਦੀ ਪਹੁੰਚ ਤੋਂ ਦੂਰ ਸਨ। ਪਿੰਡ ਵਿੱਚ ਕਿਸੇ ਚੰਗੀ ਜ਼ਿਮੀਂਦਾਰ ਜਾਂ ਚੌਧਰੀ ਦੀਆਂ ਹਵੇਲੀਆਂ ਨੂੰ ਹੀ ਇੱਟਾਂ ਲੱਗੀਆਂ ਦੇਖੀਆਂ ਜਾਂਦੀਆਂ ਸਨ ਅਤੇ ਉਹ ਵੀ ਸਰਹਿੰਦੀ ਛੋਟੇ ਆਕਾਰ ਦੀਆਂ ਹੁੰਦੀਆਂ ਸਨ।

ਪਿੰਡਾਂ ਦੇ ਗਰੀਬ ਲੋਕਾਂ ਲਈ ਮਿੱਟੀ ਦੇ ਕੱਚੇ ਘਰ ਹੀ ਰੈਣ ਬਸੇਰਾ ਬਣੇ ਹੋਏ ਸਨ। ਉਨ੍ਹਾਂ ਘਰਾਂ ਵਿੱਚ ਹੀ ਪੂਰੇ ਦਾ ਪੂਰਾ ਪਰਵਾਰ ਰਹਿ ਰਿਹਾ ਹੁੰਦਾ ਸੀ। ਲੋਕਾਂ ਨੂੰ ਪਸ਼ੂ ਧਨ ਦਾ ਚੰਗਾ ਮੋਹ ਸੀ, ਇਸ ਲਈ ਡੰਗਰਾਂ ਵਾਸਤੇ ਵੱਖਰਾ ਮਿੱਟੀ ਦਾ ਕੱਚਾ ਘਰ ਬਣਾਇਆ ਜਾਂਦਾ ਸੀ। ਕਈ ਗਰੀਬ ਲੋਕ ਆਪਣੇ ਇੱਕ ਘਰ ਵਿੱਚ ਹੀ ਪਸ਼ੂਆਂ ਦੇ ਨਾਲ ਰਿਹਾਇਸ਼ ਰੱਖਦੇ ਤੇ ਰਸੋਈ ਦਾ ਕੰਮ ਵੀ ਇੱਕੋ ਘਰ ਵਿੱਚ ਕਰ ਲੈਂਦੇ। ਇਸ ਲਈ ਇਸ ਕੱਚੇ ਘਰ ਦੀ ਸੰਭਾਲ ਵੀ ਬਹੁਤ ਜ਼ਰੂਰੀ ਬਣ ਜਾਂਦੀ ਖਾਸ ਕਰ ਕੇ ਬਰਸਾਤ ਦੇ ਦਿਨਾਂ ਵਿੱਚ ਕੰਧਾਂ ਜਾਂ ਛੱਤ ਦੇ ਡਿੱਗਣ ਦਾ ਖਤਰਾ ਰਹਿੰਦਾ। ਇਨ੍ਹਾਂ ਕੱਚੇ ਘਰਾਂ ਨੂੰ ਬਣਾਉਣ ਲਈ ਵੀ ਪਰਵਾਰਾਂ ਨੂੰ ਬਹੁਤ ਮਿਹਨਤ ਕਰਨੀ ਪੈਂਦੀ ਸੀ। ਪਹਿਲਾਂ ਉਹ ਸੁੱਕੇ ਛੱਪੜਾਂ ਤੋਂ ਮਿੱਟੀ ਢੋਅ ਕੇ ਇੱਕ ਥਾਂ ਢੇਰ ਲਗਾਉਂਦੇ, ਫਿਰ ਉਸ ਮਿੱਟੀ ਨੂੰ ਮਲ ਮਲ ਕੇ ਮੁਲਾਇਮ ਬਣਾਉਂਦੇ ਤੇ ਫਿਰ ਲੱਕੜ ਦੇ ਬਣੇ ਵਿਸ਼ੇਸ਼ ਸੱਚਿਆਂ ਦੀ ਮਦਦ ਨਾਲ ਕੱਚੇ ਚੀਰੂ ਬਣਾਉਂਦੇ। ਅੱਜ ਕੱਲ੍ਹ ਦੇ ਬੱਚਿਆਂ ਜਾਂ ਨੌਜਵਾਨਾਂ ਨੂੰ ਚੀਰੂ ਸ਼ਬਦ ਬਾਰੇ ਵੀ ਪਤਾ ਨਹੀਂ, ਪਰ ਉਨ੍ਹਾਂ ਦਿਨਾਂ ਵਿੱਚ ਬੱਚੇ ਚੀਰੂ ਬਣਾਉਣ ਵਿੱਚ ਪਰਵਾਰਾਂ ਦੀ ਮਦਦ ਕਰਦੇ ਸਨ। ਚੀਰੂ ਅਜੋਕੇ ਭੱਠਿਆਂ ਤੋਂ ਮਿਲਦੀ ਪੱਕੀ ਇੱਟ ਤੋਂ ਕੁਝ ਵੱਡਾ ਤੇ ਭਾਰਾ ਹੁੰਦਾ ਸੀ ਤੇਵੱਡੀ ਗਿਣਤੀ ਵਿੱਚ ਚੀਰੂ ਬਣਾ ਕੇ ਉਨ੍ਹਾਂ ਨੂੰ ਕਈ-ਕਈ ਦਿਨ ਸੁਕਾਇਆ ਜਾਂਦਾ ਸੀ।

ਜਦੋਂ ਚੀਰੂ ਚੰਗੀ ਤਰ੍ਹਾਂ ਸੁੱਕ ਕੇ ਥੋੜ੍ਹੇ ਮਜ਼ਬੂਤ ਬਣ ਜਾਂਦੇ ਤਾਂ ਉਨ੍ਹਾਂ ਦੀ ਵਰਤੋਂ ਨਾਲ ਘਰਾਂ ਲਈ ਕੰਧਾਂ ਬਣਾਈਆਂ ਜਾਂਦੀਆਂ ਸਨ। ਇਹ ਕੰਧਾਂ ਮੋਟੀਆਂ ਅਤੇ ਛੱਤ ਦਾ ਭਾਰ ਸਹਿਣ ਯੋਗ ਬਣਾਈਆਂ ਜਾਂਦੀਆਂ ਅਤੇ ਚਾਰੇ ਕੰਧਾਂ ਬਣਨ ਪਿੱਛੋਂ ਉਨ੍ਹਾਂ ਉੱਤੇ ਮੋਟੇ ਲੱਕੜ ਦੇ ਸ਼ਤੀਰ ਰੱਖ ਕੇ ਛੱਤ ਪਾਈ ਜਾਂਦੀ। ਇੰਨਾ ਹੀ ਨਹੀਂ ਮਕਾਨ ਦੀ ਛੱਤ ਪੈਣ ਤੋਂ ਬਾਅਦ ਕੰਧਾਂ ਨੂੰ ਮਿੱਟੀ ਨਾਲ ਚੰਗੀ ਤਰ੍ਹਾਂ ਲਿੱਪਿਆ ਜਾਂਦਾ ਤਾਂ ਕਿ ਮੀਂਹ ਆਦਿ ਵਿੱਚ ਉਹ ਮਜ਼ਬੂਤ ਬਣੀਆਂ ਰਹਿਣ। ਛੱਤਾਂ ਨੂੰ ਤੂੜੀ ਮਿਲੀ ਮਿੱਟੀ ਨਾਲ ਚੰਗੀ ਤਰ੍ਹਾਂ ਲਿਪ ਕੇ ਪਾਣੀ ਨਿਕਲਣ ਯੋਗ ਬਣਾਇਆ ਜਾਂਦਾ। ਇਸ ਤਰ੍ਹਾਂ ਇਨ੍ਹਾਂ ਘਰਾਂ ਨੂੰ ਬਣਾਉਣ ਲਈ ਪੂਰੇ ਪਰਵਾਰ ਨੂੰ ਮਿੱਟੀ ਨਾਲ ਮਿੱਟੀ ਹੋਣਾ ਪੈਂਦਾ ਤਾਂ ਜਾ ਕੇ ਰਹਿਣ ਲਈ ਇੱਕ ਘਰ ਨਸੀਬ ਹੁੰਦਾ। ਕੱਚੇ ਚੀਰੂਆਂ ਨਾਲ ਬਣਾਇਆ ਮਜ਼ਬੂਤ ਘਰ ਪਰਵਾਰ ਦੇ ਮੈਂਬਰਾਂ ਨੂੰ ਠੰਢ ਤੇ ਗਰਮੀ ਤੋਂ ਬਚਾ ਕੇ ਬਰਸਾਤ ਵਿੱਚ ਉਨ੍ਹਾਂ ਦੀ ਮਦਦ ਕਰਦਾ। ਬਜ਼ੁਰਗਾਂ ਦਾ ਕਹਿਣਾ ਹੁੰਦਾ ਸੀ ਕਿ ਇਹ ਮਿੱਟੀ ਦੇ ਬਣੇ ਪੁਰਾਣੇ ਘਰ ਅੱਜ ਦੇ ਏਅਰ ਕੰਡੀਸ਼ਨ ਘਰਾਂ ਵਾਂਗ ਹੀ ਠੰਢ ਅਤੇ ਗਰਮੀ ਤੇ ਗਰਮੀ ਤੋਂ ਰਾਹਤ ਦਿੰਦੇ ਸਨ। ਉਹ ਲੋਕ ਇਸ ਗਰੀਬੀ ਭਰੇ ਮਾਹੌਲ ਵਿੱਚ ਕਹਿੰਦੇ ਹੁੰਦੇ ਸਨ :

ਜੋ ਸੁੱਖ ਛੱਜੂ ਦੇ ਚੁਬਾਰੇ
ਨਾ ਬਲਖ, ਨਾ ਬੁਖਾਰੇ।

ਜਿਉਂ-ਜਿਉਂ ਸਮਾਂ ਬੀਤਦਾ ਗਿਆ, ਆਜ਼ਾਦੀ ਆਉਣ ਉੱਤੇ ਲੋਕਾਂ ਦੀ ਆਰਥਿਕ ਸਥਿਤੀ ਥੋੜ੍ਹੀ ਚੰਗੀ ਹੋਣ ਲੱਗੀ, ਲੋਕਾਂ ਨੇ ਆਪਣੇ ਆਪਣੇ ਘਰਾਂ ਦੀਆਂ ਕੰਧਾਂ ਨੂੰ ਪੱਕਾ ਕਰਨਾ ਸ਼ੁਰੂ ਕਰ ਦਿੱਤਾ। ਉਹ ਕੱਚੇ ਚੀਰੂਆਂ ਦੀ ਥਾਂ ਪੱਕੀਆਂ ਇੱਟਾਂ ਦੀ ਵਰਤੋਂ ਕਰਨ ਲੱਗੇ। ਥਾਂ-ਥਾਂ ਪੱਕੀਆਂ ਇੱਟਾਂ ਬਣਾਉਣ ਲਈ ਭੱਠੇ ਲੱਗਣ ਲੱਗੇ। ਮਿੱਟੀ ਤੋਂ ਚੀਰੂ ਬਣਾਉਣ ਤੋਂ ਲੋਕਾਂ ਨੂੰ ਰਾਹਤ ਮਿਲਣ ਲੱਗੀ ਕਿਉਂਕਿ ਪੱਕੀਆਂ ਇੱਟਾਂ ਤੋਂ ਬਣੇ ਘਰ ਵੱਧ ਮਜ਼ਬੂਤ, ਆਰਾਮਦਾਇਕ, ਟਿਕਾਊ ਅਤੇ ਦੇਖਣ ਨੂੰ ਚੰਗੇ ਲੱਗਦੇ ਸਨ। ਸਮਾਂ ਆਇਆ ਕਿ ਗਰੀਬ ਲੋਕ ਵੀ ਦੇਖੋ-ਦੇਖੀ ਕੱਚੇ ਘਰਾਂ ਨੂੰ ਛੱਡ ਕੇ ਪੱਕੇ ਘਰ ਬਣਾਉਣ ਦੇ ਸੁਫਨੇ ਦੇਖਣ ਲੱਗੇ। ਇਸ ਤਰ੍ਹਾਂ ਇੱਕ ਨਵੀਂ ਵਿਆਹੀ ਮੁਟਿਆਰ ਘਰ ਬਣਾਉਣ ਲਈ ਪ੍ਰੇਰਦੀ ਹੈ ਅਤੇ ਕਹਿੰਦੀ ਹੈ :

ਮੈਂ ਵੀ ਮਾਹੀਆ ਨਹਿਰ ਕਿਨਾਰੇ
ਪੱਕਾ ਚੁਬਾਰਾ ਪਾਉਣਾ
ਰੱਖਣਾ ਤੇ ਤੇਰੀ ਮਰਜ਼ੀ
ਪੇਕੇ ਜਾ ਕੇ ਮੜ੍ਹਕ ਨਾਲ ਆਉਣਾ।

...ਪਰ ਉਸ ਦੇ ਘਰਵਾਲਾ ਆਪਣੀ ਗਰੀਬੀ ਦਾ ਵਾਸਤਾ ਪਾਉਂਦਾ ਹੋਇਆ ਕਹਿੰਦਾ ਹੈ :

ਪੱਕਾ ਦੇਖ ਕੇ ਕੱਚਾ ਨਹੀਂ ਢਾਹੁਣਾ
ਰਹਿਣਾ ਏ ਤਾਂ ਤੇਰੀ ਮਰਜ਼ੀ।

ਜਦੋਂ ਫਿਰ ਪਿੰਡਾਂ ਵਿੱਚ ਵੀ ਕੱਚੇ ਮਕਾਨਾਂ ਦੀ ਥਾਂ ਪੱਕੇ ਮਕਾਨ ਬਣਾਉਣ ਦਾ ਰੁਝਾਨ ਪ੍ਰਚੱਲਿਤ ਹੋ ਗਿਆ ਤਾਂ ਪਿੰਡਾਂ ਦੀਆਂ ਔਰਤਾਂ ਨੂੰ ਕੰਧਾਂ ਲਿੱਪਣ ਅਤੇ ਮਕਾਨਾਂ ਦੀਆਂ ਛੱਤਾਂ ਬਨੇਰੇ ਲਿਪਣ ਤੋਂ ਰਾਹਤ ਮਿਲਣ ਲੱਗੀ। ਵਿਆਹ ਕਰਵਾਉਣ ਵਾਲੀ ਹਰ ਮੁਟਿਆਰ ਦੀ ਇੱਛਾ ਹੁੰਦੀ ਕਿ ਉਸ ਦੇ ਸਹੁਰੇ ਘਰ ਦਾ ਮਕਾਨ ਵੀ ਪੱਕਾ ਹੋਵੇ ਤੇ ਉਸ ਦਾ ਬਨੇਰੇ ਲਿੱਪਣ ਤੋਂ ਛੁਟਕਾਰਾ ਹੋ ਜਾਵੇ ਤਾਂ ਹੀ ਇਹ ਗੀਤ ਹਰ ਮੁਟਿਆਰ ਦੇ ਬੁੱਲ੍ਹਾਂ ਉੱਤੇ ਛਾ ਗਿਆ ਸੀ :

ਉਹ ਘਰ ਟੋਲੀਂ ਬਾਬਲਾ
ਜਿੱਥੇ ਲਿਪਣੇ ਨਾ ਪੈਣ ਬਨੇਰੇ।

ਕੋਠੇ ਅਤੇ ਕੰਧਾਂ ਲਿੱਪਣ ਦਾ ਕੰਮ ਬਹੁਤ ਮੁਸ਼ਕਲ ਹੁੰਦਾ ਸੀ ਅਤੇ ਔਰਤਾਂ ਨੂੰ ਹਰ ਸਾਲ ਇਹ ਕਰਨਾ ਪੈਂਦਾ ਸੀ, ਨਹੀਂ ਤਾਂ ਕੱਚੇ ਕੋਠੇ ਬਰਸਾਤ ਵਿੱਚ ਚੋਅ ਕੇ ਸਾਰੇ ਪਰਵਾਰ ਲਈ ਮੁਸ਼ਕਲ ਪੈਦਾ ਕਰਦੇ ਸਨ। ਉਨ੍ਹਾਂ ਦਿਨਾਂ ਵਿੱਚ ਕੱਚੇ ਘਰਾਂ ਦੇ ਅੱਗੇ ਵੱਡੇ ਵਿਹੜੇ ਹੁੰਦੇ ਸਨ, ਜਿਨ੍ਹਾਂ ਨੂੰ ਚੀਰੂਆਂ ਦੀ ਮਦਦ ਨਾਲ ਕੱਚੀਆਂ ਕੰਧਾਂ ਬਣਾ ਕੇ ਚਾਰ ਦੀਵਾਰੀ ਦਾ ਰੂਪ ਦਿੱਤਾ ਜਾਂਦਾ, ਪਰ ਇਹ ਮਿੱਟੀ ਦੀਆਂ ਕੰਧਾਂ ਵਾਰ-ਵਾਰ ਲਿੱਪਣ ਜਾਂ ਸੰਵਾਰਨ ਉੱਤੇ ਵੀ ਬਹੁਤਾ ਸਮਾਂ ਨਾ ਕੱਟਦੀਆਂ ਤੇ ਹਰ ਸਾਲ ਬਰਸਾਤਾਂ ਵਿੱਚ ਖੁਰ-ਖੁਰ ਕੇ ਖਤਮ ਹੋਣ ਕੰਢੇ ਪਹੁੰਚ ਜਾਂਦੀਆਂ। ਕਈ ਘਰਾਂ ਦੀਆਂ ਚਾਰ ਦੀਵਾਰੀਆਂ ਦੀਆਂ ਕੰਧਾਂ ਬਹੁਤ ਕਮਜ਼ੋਰ ਹੋ ਜਾਂਦੀਆਂ ਅਤੇ ਡਿੱਗੂੰ-ਡਿੱਗੂੰ ਕਰਦੀਆਂ। ਤਦੇ ਪੰਜਾਬੀ ਸਭਿਆਚਾਰ ਵਿੱਚ ਇਨ੍ਹਾਂ ਕਮਜ਼ੋਰ ਕੱਚੀਆਂ ਕੰਧਾਂ ਨੇ ਆਪਣਾ ਥਾਂ ਬਣਾ ਲਿਆ ਤੇ ਕਿਸੇ ਵੀ ਗਿੱਧੇ ਦੇ ਪਿੜ ਵਿੱਚ ਇਹ ਬੋਲੀ ਜ਼ਰੂਰ ਸੁਣਨ ਨੂੰ ਮਿਲਦੀ :

ਨੀਂ ਤੂੰ ਨੱਚ ਨੱਚ ਨੱਚ, ਨੀਂ ਤੂੰ ਹੌਲੀ ਹੌਲੀ ਨੱਚ
ਡਿੱਗ ਪਵੇ ਨਾ ਗੁਆਂਢੀਆਂ ਦੀ ਕੰਧ ਬੱਲੀਏ
ਤੇਰਾ ਗਿੱਧਾ ਸਾਰੇ ਪਿੰਡ ਨੂੰ ਪਸੰਦ ਬੱਲੀਏ।

ਕਈ ਵਾਰ ਜਦੋਂ ਕੋਈ ਸੋਹਣੀ ਮੁਟਿਆਰ ਕਿਸੇ ਗਰੀਬ ਘਰ ਦੇ ਮੁੰਡੇ ਨਾਲ ਵਿਆਹੀ ਜਾਂਦੀ ਤਾਂ ਉਹ ਲੋਕਾਂ ਦੇ ਚੁਬਾਰੇ ਦੇਖ ਕਹਿੰਦੀ :

ਹੋਰਨਾਂ ਨੇ ਪਾਏ ਪੱਕੇ ਚੁਬਾਰੇ
ਤੈਂ ਕਿਉਂ ਪਾਈ ਛੰਨ ਮੁੰਡਿਆ
ਤੇਰੀ ਗੋਹੜੇ ਵਰਗੀ ਰੰਨ ਮੁੰਡਿਆ।

...ਪਰ ਕੱਚਿਆਂ ਘਰਾਂ ਦੇ ਉਹ ਕੱਚੇ ਚੀਰੂ ਸਾਡੇ ਪੰਜਾਬੀ ਵਿਰਸੇ, ਸਭਿਆਚਾਰ ਤੇ ਪੰਜਾਬੀ ਸਾਹਿਤ ਵਿੱਚ ਜ਼ਰੂਰ ਅਹਿਮ ਸਥਾਨ ਰੱਖਦੇ ਰਹੇ। ਤਦੇ ਅੱਜ ਦੇ ਸਮੇਂ ਨੂੰ ਦੇਖਦੇ ਹੋਏ ਕਿਸੇ ਕਵੀ ਨੇ ਲਿਖਿਆ ਹੈ :

ਖੁੰਢ ਕਿਧਰੇ ਉਹ ਨਜ਼ਰ ਨਾ ਆਉਂਦੇ।
ਜਿੱਥੇ ਬੈਠੇ ਰਹਿੰਦੇ ਮੰਗਲ ਤੇ ਵੀਰੂ।
ਏਅਰ ਕੰਡੀਸ਼ਨ ਜਿਹੇ ਕੱਚੇ ਕੋਠੇ ਦੇ
ਕਿਤੋਂ ਨਾ ਮਿਲਦੇ ਕੱਚੇ ਚੀਰੂ।


ਅੱਜ ਜ਼ਮਾਨਾ ਬਦਲ ਗਿਆ ਹੈ। ਲੋਕਾਂ ਦਾ ਆਰਥਿਕ ਦਸ਼ਾ ਚੰਗੀ ਬਣ ਚੁੱਕੀ ਹੈ। ਸਭ ਕੱਚੇ ਘਰਾਂ ਦੀ ਥਾਂ ਵਧੀਆ ਪੱਕੇ ਮਕਾਨ ਜਾਂ ਸ਼ਾਨਦਾਰ ਕੋਠੀਆਂ ਬਣ ਗਈਆਂ ਹਨ। ਕੱਚੇ ਰਾਹਾਂ ਦੀ ਥਾਂ ਪੱਕੀਆਂ ਸੜਕਾਂ, ਕੱਚੀਆਂ ਝਿਲਆਨੀਆਂ ਦੀ ਥਾਂ ਪੱਕੀਆਂ ਮਾਡਲ ਰਸੋਈਆਂ, ਕੱਚੇ ਚੁੱਲ੍ਹਿਆਂ ਦੀ ਥਾਂ ਗੈਸ ਚੁੱਲ੍ਹੇ, ਸਭ ਕੁਝ ਬਦਲ ਕੇ ਰਹਿ ਗਿਆ ਹੈ। ਪੰਜਾਬ ਵਿੱਚ ਗਰੀਬ ਵੀ ਆਪਣੇ ਘਰਾਂ ਨੂੰ ਪੱਕਾ ਬਣਾ ਕੇ ਰਹਿੰਦੇ ਸਨ। ਬਿਜਲੀ ਆਉਣ ਨਾਲ ਲਾਈਟ ਦਾ ਪ੍ਰਬੰਧ ਹਰ ਘਰ ਵਿੱਚ ਹੋ ਗਿਆ ਹੈ। ਪਿੰਡ ਦੀਆਂ ਸੜਕਾਂ, ਗਲੀਆਂ, ਚੁਬਾਰੇ ਸਭ ਪੱਕੇ ਹੋ ਗਏ। ਇਸੇ ਲਈ ਸਾਡੇ ਪੰਜਾਬੀ ਸਭਿਆਚਾਰ ਨੇ ਵੀ ਰੰਗ ਬਦਲ ਲਿਆ ਅਤੇ ਕੱਚੇ ਕੋਠਿਆਂ ਦੀ ਗੱਲ ਨਹੀਂ ਕਰਦਾ ਸਗੋਂ ਪੱਕਿਆਂ ਚੁਬਾਰਿਆਂ ਦੀ ਹੀ ਬਾਤ ਪਾਉਂਦਾ ਹੈ :

ਆਰੇ ਆਰੇ ਆਰੇ, ਪੱਕੇ ਕੋਠੇ
ਪੱਕੀਆਂ ਸੜਕਾਂ, ਗਲੀਆਂ,
ਮਹੱਲ ਚੁਬਾਰੇ ਪੱਕੇ ਸਾਰੇ
ਭੰਗੜਾ ਪਾਓ ਮੁੰਡਿਓ ਹੀਰ ਸੈਨਤਾਂ ਮਾਰੇ।

ਦੂਜੇ ਪਾਸੇ ਅੱਜ ਵੀ ਪੁਰਾਣੇ ਬਜ਼ੁਰਗ, ਪੁਰਾਣੇ ਕੱਚੇ ਘਰਾਂ ਨੂੰ ਯਾਦ ਕਰ ਕੇ ਗਰਮੀਆਂ ਵਿੱਚ ਕਹਿ ਦਿੰਦੇ ਹਨ, ਬਈ ਉਹ ਕੱਚੇ ਚੀਰੂਆਂ ਵਾਲੇ ਮਕਾਨ ਗਰਮੀ ਵਿੱਚ ਬੜੇ ਠੰਢੇ ਹੁੰਦੇ ਸਨ। ਇਸ ਤਰ੍ਹਾਂ ਭਾਵੇਂ ਕੱਚੇ ਮਕਾਨਾਂ ਦਾ ਜ਼ਮਾਨਾ ਲੱਥ ਗਿਆਹੈ, ਪਰ ਉਹ ਸਾਡੇ ਪੰਜਾਬੀ ਵਿਰਸੇ ਅਤੇ ਸਭਿਆਚਾਰ ਦੀ ਪੁਰਾਣੀ ਯਾਦ ਸਦਾ ਹੀ ਬਣੇ ਰਹਿਣਗੇ।

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

ਆਪਣੇ ਮਨ ਪਸੰਦ ਦੇ ਸੂਟ, ਸ਼ਾਲ, ਲਹਿੰਗਾ ਅਤੇ ਡੀਜ਼ਾਈਨਰ ਸੂਟ ਲੈਣ ਲਈ ਸੰਪਰਕ ਕਰੋ:
01191-9779100149




## ਹਲਕਾ ਫੁਲਕਾ

ਕੋਚ, "ਮੇਰੇ ਖਿਡਾਰੀ ਇੱਕ ਵੀ ਕੈਚ ਨਹੀਂ ਛੱਡਦੇ।"
ਸਿਲੈਕਟਰ, "ਉਹ ਕਿਵੇਂ?"
ਕੋਚ, "ਮੈਂ ਗੇਂਦ ਦੀ ਬਜਾਏ ਉਨ੍ਹਾਂ ਦਾ ਮੋਬਾਈਲ ਉਛਾਲ ਕੇ ਪ੍ਰੈਕਟਿਸ ਕਰਵਾਉਂਦਾ ਹਾਂ।"

*******

ਟੀਚਰ ਨੇ ਕਲਾਸ ਵਿੱਚ ਨਿਤਿਨ ਤੋਂ ਪੁੱਛਿਆ, "ਨਿਤਿਨ! ਤੂੰ ਆਪਣੇ ਭਵਿੱਖ ਬਾਰੇ ਕੀ ਸੋਚਿਐ? ਮੇਰਾ ਮਤਲਬ ਹੈ, ਅੱਗੇ ਚੱਲ ਤੇਰਾ ਕੀ ਬਣਨ ਦਾ ਸੁਫਨਾ ਹੈ?"
ਨਿਤਿਨ ਨੇ ਗੰਭੀਰ ਹੋ ਕੇ ਕਿਹਾ, "ਸਰ, ਮੇਰਾ ਇੱਕੋ ਸੁਫਨਾ ਹੈ ਕਿ ਮੈਂ ਵੀ ਵੱਡਾ ਹੋ ਕੇ ਆਪਣੇ ਪਾਪਾ ਦੀ ਤਰ੍ਹਾਂ ਡਾਕਟਰ ਬਣਾਂ।"
ਟੀਚਰ ਨੇ ਕਿਹਾ, "ਸ਼ਾਬਾਸ਼ ਬੇਟਾ! ਕੀ ਤੁਹਾਡੇ ਪਾਪਾ ਡਾਕਟਰ ਹਨ?"
ਨਿਤਿਨ ਨੇ ਕਿਹਾ, "ਨਹੀਂ ਸਰ! ਦਰਅਸਲ ਮੇਰੀ ਉਮਰ ਵਿੱਚ ਉਹ ਵੀ ਇਹੀ ਸੁਫਨਾ ਦੇਖਿਆ ਕਰਦੇ ਸਨ।"

# ਪੇਅ ਟੀ ਐਮ ਦਾ ਸੀ ਈ ਓ ਗ੍ਰਿਫਤਾਰ ਤੇ ਜ਼ਮਾਨਤ ਉੱਤੇ ਰਿਹਾਅ



ਨਵੀਂ ਦਿੱਲੀ, 14 ਮਾਰਚ (ਪੋਸਟ ਬਿਊਰੋ)- ਦਿੱਲੀ ਪੁਲਸ ਨੇ ਪੇਅ ਟੀ ਐਮ ਦੇ ਸੀ ਈ ਓ ਵਿਜੈ ਸ਼ੇਖਰ ਸ਼ਰਮਾ ਨੂੰ ਫਰਵਰੀ ਵਿੱਚ ਇੱਕ ਸੀਨੀਅਰ ਪੁਲਸ ਅਧਿਕਾਰੀ ਦੀ ਕਾਰ ਨੂੰ ਆਪਣੀ ਤੇਜ਼ ਰਫਤਾਰ ਲੈਂਡ ਰੋਵਰ ਨਾਲ ਟੱਕਰ ਮਾਰਨ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਹੈ ਅਤੇ ਫਿਰ ਉਸ ਨੂੰ ਜ਼ਮਾਨਤ ਉੱਤੇ ਰਿਹਾਅ ਕਰ ਦਿੱਤਾ ਗਿਆ।

ਇਸ ਸੰਬੰਧ ਵਿੱਚ ਦਿੱਲੀ ਪੁਲਸ ਦੇ ਬੁਲਾਰੇ ਨੇ ਦੱਸਿਆ ਕਿ ਇਹ ਹਾਦਸਾ 22 ਫਰਵਰੀ ਨੂੰ ਦੱਖਣੀ ਦਿੱਲੀ ਦੇ ਮਾਲਵੀਆ ਨਗਰ ਇਲਾਕੇ ਵਿੱਚ ਹੋਇਆ ਸੀ ਅਤੇ ਦੋਸ਼ੀ ਨੇ ਦੱਖਣੀ ਦਿੱਲੀ ਪੁਲਸ ਦੀ ਡਿਪਟੀ ਕਮਿਸ਼ਨਰ (ਡੀ ਸੀ ਪੀ) ਬੈਨਿਤਾ ਮੇਰੀ ਜੈਕਰ ਦੀ ਕਾਰ ਨੂੰ ਟੱਕਰ ਮਾਰੀ ਸੀ। ਡੀ ਸੀਪੀ ਇਸ ਹਾਦਸੇ ਮੌਕੇ ਕਾਰ ਵਿੱਚ ਨਹੀਂ ਸੀ।" ਅਧਿਕਾਰੀਆਂ ਮੁਤਾਬਕ ਇਹ ਹਾਦਸਾ ਮਦਰ ਇੰਟਰੈਸ਼ਨਲ ਸਕੂਲ, ਸ੍ਰੀ ਅਰਬਿੰਦੋ ਮਾਰਗ ਦੇ ਬਾਹਰ ਓਦੋਂ ਹੋਇਆ, ਜਦੋਂ ਡੀ ਸੀ ਪੀ ਦੇ ਡਰਾਈਵਰ ਨੇ ਤੇਲ ਭਰਵਾਉਣ ਲਈ ਕਾਰ ਬਾਹਰ ਕੱਢੀ ਸੀ। ਇਸ ਹਾਦਸੇ ਵਿੱਚ ਕੋਈ ਜ਼ਖਮੀ ਨਹੀਂ ਸੀ ਹੋਇਆ।ਲੈਂਡ ਰੋਵਰ ਦਾ ਡਰਾਈਵਰ ਹਾਦਸੇ ਤੋਂ ਤੁਰੰਤ ਬਾਅਦ ਮੌਕੇ ਤੋਂ ਫਰਾਰ ਹੋ ਗਿਆ ਸੀ।

# ਸਾਰਾ ਅਲੀ ਦਾ ਖੁਲਾਸਾ: ਸੈਫ ਨਾਲ ਵਿਆਹ ਪਿਛੋਂ ਅੰਮ੍ਰਿਤਾ 10 ਸਾਲ ਹੱਸਣਾ ਭੁੱਲੀ ਰਹੀ ਸੀ



ਮੁੰਬਈ, 14 ਮਾਰਚ (ਪੋਸਟ ਬਿਊਰੋ)- ਬਾਲੀਵੁੱਡ ਦੀ ਪ੍ਰਸਿੱਧ ਅਭਿਨੇਤਰੀ ਅੰਮ੍ਰਿਤਾ ਸਿੰਘ ਕਈ ਕਾਰਨਾਂ ਨਾਲ ਖਬਰਾਂ ਦੀਆਂ ਸੁਰਖੀਆਂ ਵਿੱਚ ਰਹੀ ਹੈ। ਲਵ ਲਾਈਫ ਤੋਂ ਲੈ ਕੇ ਉਮਰ ਤੋਂ ਛੋਟੇ ਸੈਫ ਅਲੀ ਖਾਨ ਨਾਲ ਵਿਆਹ ਦੀ ਖੂਬ ਚਰਚਾ ਵੀ ਰਹੀ ਹੈ। ਅੰਮ੍ਰਿਤਾ ਦੀ ਜ਼ਿੰਦਗੀ ਕਿਸੇ ਰੋਲਰ-ਕੋਸਟਰ ਰਾਈਡ ਤੋਂ ਘੱਟ ਨਹੀਂ ਰਹੀ ਹੈ।

ਇਸ ਦੌਰਾਨ ਬਾਲੀਵੁੱਡ ਅਭਿਨੇਤਰੀ ਸਾਰਾ ਅਲੀ ਖਾਨ ਨੇ ਇਸ ਗੱਲ ਨੂੰ ਮੰਨਿਆ ਕਿ ਤਲਾਕ ਦੇ ਬਾਅਦ ਉਸ ਦੀ ਮਾਂ ਅੰਮ੍ਰਿਤਾ ਸਿੰਘ ਦੇ ਚਿਹਰੇ ਉੱਤੇ ਐਕਸਾਈਟਮੈਂਟ ਤੇ ਖੁਸ਼ੀ ਦਿਸਣ ਲੱਗੀ ਸੀ। ਸਾਰਾ ਅਲੀ ਖਾਨ ਨੇ ਇੱਕ ਇੰਟਰਵਿਊ ਵਿੱਚ ਦੱਸਿਆ ਕਿ ਉਨ੍ਹਾਂ ਨੇ ਵਿਆਹ ਦੇ 10 ਸਾਲਾਂ ਵਿੱਚ ਆਪਣੀ ਮਾਂ ਨੂੰ ਸ਼ਾਇਦ ਹੀ ਹੱਸਦੇ ਦੇਖਿਆ ਸੀ। ਸਾਰਾ ਨੇ ਕਿਹਾ ਕਿ ਮੈਂ ਆਪਣੀ ਉਮਰ ਦੇ ਹੋਰਾਂ ਲੋਕਾਂ ਮੁਕਾਬਲੇ ਵਿੱਚ ਕੁਝ ਜ਼ਿਆਦਾ ਤੇਜ਼ ਸਮਝ ਹੋਣ ਦੀ ਸਮਰੱਥਾ ਰੱਖਦੀ ਹਾਂ। ਨੌਂ ਸਾਲ ਦੀ ਉਮਰ ਵਿੱਚ ਵੀ ਮੇਰੇ ਵਿੱਚ ਇਹ ਦੇਖਣ ਦੀ ਸਮਝ ਸੀ ਕਿ ਘਰ ਵਿੱਚ ਇਕੱਠੇ ਰਹਿੰਦੇ ਦੋ ਜਣੇ ਖੁਸ਼ ਨਹੀਂ ਹਨ। ਸਾਰਾ ਮੁਤਾਬਕ ਸੈਫ ਨਾਲੋਂ ਅਲੱਗ ਹੁੰਦੇ ਸਾਰ ਅਚਾਨਕ ਅੰਮ੍ਰਿਤਾ ਦੇ ਚਿਹਰੇ ਉੱਤੇ ਖੁਸ਼ੀ ਦੇਖਣ ਨੂੰ ਮਿਲੀ ਸੀ। ਉਹ ਉਤਸ਼ਾਹਤ ਨਜ਼ਰ ਆਉਂਦੀ ਹੈ ਤੇ ਖੂਬਸੂਰਤ ਵੀ ਲੱਗਦੀ ਸੀ।ਸਾਰਾ ਅਲੀ ਖਾਨ ਨੇ ਮਾਤਾ-ਪਿਤਾ ਦੇ ਤਲਾਕ ਬਾਰੇ ਇੰਟਰਵਿਊ ਵਿੱਚ ਇਹ ਵੀ ਕਿਹਾ ਕਿ ਮੈਨੂੰ ਤਕਲੀਫ ਕਿਉਂ ਹੋਵੇਗੀ, ਜੇ ਮੇਰੇ ਮਾਤਾ-ਪਿਤਾ ਵੱਖ-ਵੱਖ ਘਰਾਂ ਵਿੱਚ ਰਹਿ ਕੇ ਖੁਸ਼ ਹਨ। ਮੈਂ ਆਪਣੀ ਮਾਂ ਨੂੰ ਹੱਸਦੇ ਹੋਏ ਚੁਟਕਲੇ ਸੁਣਾਉਂਦੇ ਹੋਏ ਦੇਖਦੀ ਸੀ, ਜੋ ਮੈਂ ਕਈ ਸਾਲਾਂ ਤੋਂ ਮਿਸ ਕਰ ਰਹੀ ਸੀ।

# ਇਰਾਨ ਵੱਲੋਂ ਦਾਗੀਆਂ ਗਈਆਂ 12 ਮਿਜ਼ਾਈਲਾਂ ਇਰਾਕ 'ਚ ਅਮਰੀਕੀ ਕੌਂਸਲੇਟ ਨੇੜੇ ਡਿੱਗੀਆਂ



ਬਗ਼ਦਾਦ, 14 ਮਾਰਚ (ਪੋਸਟ ਬਿਊਰੋ)- ਇਰਾਕ ਦੇ ਇਰਬਿਲ ਸ਼ਹਿਰ ਵਿੱਚ ਕੱਲ੍ਹ ਅਮਰੀਕੀ ਕੌਂਸਲੇਟ ਨੇੜੇ ਘੱਟੋ-ਘੱਟ 12 ਮਿਜ਼ਾਈਲਾਂ ਆ ਕੇ ਡਿੱਗੀਆਂ। ਅਮਰੀਕੀ ਅਤੇ ਇਰਾਕੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਮਿਜ਼ਾਈਲਾਂ ਗੁਆਂਢੀ ਦੇਸ਼ ਇਰਾਨ ਵੱਲੋਂ ਦਾਗੀਆਂ ਗਈਆਂ ਹਨ। ਇਸ ਹਮਲੇ ਵਿੱਚ ਕਿਸੇ ਦੇ ਜ਼ਖਮੀ ਹੋਣ ਦੀ ਖਬਰ ਨਹੀਂ ਹੈ।

ਇਰਾਕ ਦੇ ਅਧਿਕਾਰੀਆਂ ਨੇ ਸ਼ੁਰੂ ਵਿੱਚ ਕਿਹਾ ਸੀ ਕਿ ਇਰਾਕ ਦੇ ਇਰਬਿਲ ਸ਼ਹਿਰ ਵਿੱਚ ਅਮਰੀਕੀ ਕੌਂਸਲੇਟ ਉੱਤੇ ਕਈ ਮਿਜ਼ਾਈਲਾਂ ਦਾਗੀਆਂ ਗਈਆਂ। ਬਾਅਦ ਵਿੱਚ ਕੁਰਦਿਸਤਾਨ ਦੇ ਵਿਦੇਸ਼ੀ ਮੀਡੀਆ ਦਫਤਰ ਦੇ ਮੁਖੀ ਲਾਕ ਘਾਫਰੀ ਨੇ ਕਿਹਾ ਕਿ ਕੋਈ ਮਿਜ਼ਾਈਲ ਅਮਰੀਕੀ ਕੌਂਸਲੇਟ ਵਿੱਚ ਨਹੀਂ ਡਿੱਗੀ, ਪਰ ਕੰਪਲੈਕਸ ਦੇ ਨੇੜਲੇ ਖੇਤਰਾਂ ਵਿੱਚ ਡਿੱਗੀਆਂ ਹਨ।ਅਮਰੀਕੀ ਰੱਖਿਆ ਮੰਤਰਾਲੇ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਅਜੇ ਇਹ ਸਪੱਸ਼ਟ ਨਹੀਂ ਕਿ ਕਿੰਨੀਆਂ ਮਿਜ਼ਾਈਲਾਂ ਦਾਗੀਆਂ ਗਈਆਂ ਅਤੇ ਉਹ ਕਿੱਥੇ-ਕਿੱਥੇ ਡਿੱਗੀਆਂ। ਇੱਕ ਹੋਰ ਅਧਿਕਾਰੀ ਨੇ ਕਿਹਾ ਕਿ ਅਮਰੀਕੀ ਸਰਕਾਰ ਦੇ ਕਿਸੇ ਵੀ ਦਫਤਰ ਨੂੰ ਨੁਕਸਾਨ ਨਹੀਂ ਪਹੁੰਚਿਆ, ਪਰ ਆਸਪਾਸ ਦੀਆਂ ਇਮਾਰਤਾਂ ਦਾ ਨੁਕਸਾਨ ਹੋਣ ਅਤੇ ਕੁਝ ਲੋਕਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਇਸ ਗੱਲ ਦਾ ਕੋਈ ਸੰਕੇਤ ਨਹੀਂ ਕਿ ਨਿਸ਼ਾਨਾ ਕੌਂਸਲੇਟ ਦੀ ਇਮਾਰਤ ਸੀ।

ਟੀ ਵੀ ਚੈਨਲ ਕੁਰਦਿਸਤਾਨ 24 ਦਾ ਦਫਤਰ ਅਮਰੀਕੀ ਕੌਂਸਲੇਟ ਦੇ ਨੇੜੇ ਹੈ ਅਤੇ ਉਸ ਨੇ ਹਮਲੇ ਤੋਂ ਬਾਅਦ ਆਪਣੇ ਦਫਤਰ ਵਿੱਚ ਕੱਚ ਦੇ ਟੁਕੜੇ ਤੇ ਮਲਬੇ ਦੀਆਂ ਫੋਟੋ ਦਿਖਾਈਆਂ। ਇਰਾਨ ਦੇ ਇੱਕ ਬੁਲਾਰੇ ਨੇ ਇਰਬਿਲ ਵਿੱਚ ਹੋਏ ਹਮਲੇ ਵਿੱਚ ਇਰਾਨ ਦਾ ਹੱਥ ਹੋਣ ਦੇ ਦੋਸ਼ਾਂ ਨੂੰ ਰੱਦ ਕੀਤਾ ਹੈ।ਇਸੇ ਦੌਰਾਨ ਇਰਾਨ ਦੇ ਰੈਵੋਲਿਊਸ਼ਨਰੀ ਗਾਰਡਜ਼ ਨੇ ਬਿਆਨ ਜਾਰੀ ਕਰ ਕੇ ਮਿਜ਼ਾਈਲਾਂ ਦਾਗਣ ਦੀ ਜ਼ਿੰਮੇਵਾਰੀ ਲਈ ਹੈ। ਇਰਾਨ ਦੇ ਸਰਕਾਰੀ ਮੀਡੀਆ ਅਨੁਸਾਰ ਇਹ ਹਮਲਾ ਇਰਬਿਲ ਵਿਚਲੇ ਇਜ਼ਰਾਈਲੀ ਰਣਨੀਤਕ ਕੇਂਦਰਾਂ ਖਿਲਾਫ ਸੀ। ਰੈਵੋਲਿਊਸ਼ਨਰੀ ਗਾਰਡਜ਼ ਦਾ ਕਹਿਣਾ ਹੈ ਕਿ ਇਜ਼ਰਾਈਲ ਵੱਲੋਂ ਜੇ ਮੁੜ ਮਿਜ਼ਾਈਲ ਹਮਲਾ ਕੀਤਾ ਜਾਂਦਾ ਹੈ ਤਾਂ ਉਸ ਨਾਲ ਸਖਤੀ ਨਾਲ ਨਜਿੱਠਿਆ ਜਾਵੇਗਾ।

# ਇਸ ਮਹੀਨੇ ਗੋਲੀ ਦੀਆਂ ਘਟਨਾਵਾਂ ਦੇ ਕਾਰਨ ਬੀ ਐਸ ਐਫ ਨੇ ਸੱਤ ਜਵਾਨ ਗੁਆ ਲਏ

ਨਵੀਂ ਦਿੱਲੀ, 14 ਮਾਰਚ (ਪੋਸਟ ਬਿਊਰੋ)- ਸੁਰੱਖਿਆ ਫੋਰਸਾਂ ਵਿੱਚ ਖੁਦਕੁਸ਼ੀ ਕਰਨ ਦੀਆਂ ਵਧਦੀਆਂ ਘਟਨਾਵਾਂ ਵਿੱਚ ਕੇਂਦਰ ਸਰਕਾਰ ਨੂੰ ਇਨ੍ਹਾਂ ਘਟਨਾਵਾਂ ਨੂੰ ਰੋਕਣ ਲਈ ਉਪਾਅ ਕਰਨ ਦੀ ਲੋੜ ਹੈ ਅਤੇ ਸਰਕਾਰ ਨੂੰ ਸੁਰੱਖਿਆ ਮੁਲਾਜ਼ਮਾਂ ਨੂੰ ਸੀਨੀਅਰ ਅਤੇ ਜੂਨੀਅਰ ਰੈਂਕ ਵਿੱਚ ਇੱਕ ਸਹੀ ਤਾਲਮੇਲ ਬਣਾ ਕੇ ਛੁੱਟੀ ਯਕੀਨੀ ਕਰਨ ਲਈ ਕਦਮ ਚੁੱਕ ਕੇ ਉਨ੍ਹਾਂ ਨੂੰ ਤਣਾਅ ਮੁਕਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਮਹੀਨੇ ਇੱਕ ਦੇ ਬਾਅਦ ਇੱਕ ਹੋਈਆਂ ਘਟਨਾਵਾਂ ਵਿੱਚ ਬੀ ਐਸ ਐਫ ਨੇ ਆਪਣੇ ਸੱਤ ਜਵਾਨਾਂ ਨੂੰ ਗੁਆ ਦਿੱਤਾ ਹੈ।

ਛੇ ਮਾਰਚ ਨੂੰ ਪੰਜਾਬ ਦੇ ਅੰਮ੍ਰਿਤਸਰ ਜ਼ਿਲੇ ਵਿਚਲੇ ਖਾਸਾ ਵਿੱਚ ਇੱਕ ਘਟਨਾ ਵਿੱਚ ਬੀ ਐਸ ਐਫ ਦੇ ਪੰਜ ਜਵਾਨਮਾਰੇ ਗਏ ਸਨ। ਅਗਲੇਦਿਨ ਸੱਤ ਮਾਰਚ ਨੂੰ ਪੱਛਮੀ ਬੰਗਾਲ ਦੇ ਮੁਰਸ਼ਿਦਾਬਾਦ ਵਿੱਚ ਇੱਕ ਬੀ ਐਸ ਐਫ ਕਾਂਸਟੇਬਲ ਨੇ ਆਪਣੀ ਸਰਵਿਸ ਰਾਈਫਲ ਨਾਲ ਖੁਦ ਨੂੰ ਗੋਲੀ ਮਾਰਨ ਤੋਂ ਪਹਿਲਾਂ ਇੱਕ ਸਹਿਯੋਗੀ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਅਧਿਕਾਰਤ ਅੰਕੜਿਆਂ ਅਨੁਸਾਰ 2018 ਦੇ ਬਾਅਦ ਤੋਂ ਫੋਰਸ ਵਿੱਚ 193 ਖੁਦਕੁਸ਼ੀ ਦੀ ਸੂਚਨਾ ਹੈ, ਜਿਸ ਵਿੱਚ ਇਕੱਲੇ 2021 ਵਿੱਚ 52 ਘਟਨਾਵਾਂ ਦਰਜ ਹੋਈਆਂ, ਜਦ ਕਿ 2018 ਤੋਂ 15 ਘਟਨਾਵਾਂ ਵਿੱਚ 23 ਸੁਰੱਖਿਆ ਮੁਲਾਜ਼ਮ ਮਾਰੇ ਗਏਹਨ।ਕੇਂਦਰੀ ਹਥਿਆਰਬੰਦ ਪੁਲਸ ਫੋਰਸਾਂ (ਸੀ ਏ ਪੀ ਐਫ) ਵਿੱਚ ਖੁਦਕੁਸ਼ੀ ਅਤੇ ਸਾਥੀ ਦੀ ਹੱਤਿਆ ਦੀਆਂ ਘਟਨਾਵਾਂ ਦੇ ਕਾਰਨਾਂ ਦਾ ਵਿਸ਼ਲੇਸ਼ਣ ਕਰਦੇ ਹੋਏ ਬੀ ਐਸ ਐਫ ਦੇ ਸਾਬਕਾ ਡੀ ਜੀ ਪ੍ਰਕਾਸ਼ ਸਿੰਘ ਨੇ ਦੱਸਿਆ ਕਿ ਆਪਣੇ ਫਰਜ਼ਾਂ ਦੇ ਦਬਾਅ ਦੇ ਕਾਰਨ ਮੁਲਾਜ਼ਮ ਕਾਫੀ ਤਣਾਅ ਵਿੱਚ ਹਨ ਅਤੇ ਸਬੂਤ ਇਹ ਹੈ ਕਿ ਲੰਬਾ ਸਮਾਂ ਔਖੇ ਥਾਂ ਤੈਨਾਤ ਰਹਿੰਦੇ ਹਨ ਅਤੇ ਕਦੀ-ਕਦੇ ਉਨ੍ਹਾਂ ਨੂੰ ਲੋੜੀਂਦੀ ਛੁੱਟੀ ਨਹੀਂ ਮਿਲਦੀ ਹੈ।

# ਪਾਕਿ ਵਿੱਚ ਭਾਰਤੀ ਮਿਜ਼ਾਈਲ ਡਿੱਗਣ ਬਾਰੇ ਸਾਂਝੀ ਜਾਂਚ ਦੀ ਮੰਗ

ਇਸਲਾਮਾਬਾਦ, 14 ਮਾਰਚ (ਪੋਸਟ ਬਿਊਰੋ)- ਗੁਆਂਢੀ ਦੇਸ਼ ਭਾਰਤ ਦੀ ਸੁਪਰਸੋਨਿਕ ਮਿਜ਼ਾਈਲ ਦੇ ਅਚਾਨਕ ਫ਼ਾਇਰ ਦੇ ਪਾਕਿਸਤਾਨੀ ਪੰਜਾਬ ਦੇ ਮੀਆਂ ਚੰਨੂ ਖੇਤਰ ਵਿੱਚ ਡਿੱਗਣ ਉੱਤੇ ਪਾਕਿਸਤਾਨ ਨੇ ਕਿਹਾ ਹੈ ਕਿ ਉਹ ਮੀਆਂ ਚੰਨੂ ਵਿੱਚ ਡਿੱਗੀ ਮਿਜ਼ਾਈਲ ਬਾਰੇ ਭਾਰਤ ਦੇ 'ਸਰਲ ਸਪੱਸ਼ਟੀਕਰਨ' ਤੋਂ ਸੰਤੁਸ਼ਟ ਨਹੀਂ ਹੈ। ਉਸ ਨੇ ਘਟਨਾ ਦੇ ਤੱਥਾਂ ਦਾ ਸਹੀ ਢੰਗ ਨਾਲ ਪਤਾ ਲਗਾਉਣ ਲਈ ਸਾਂਝੀ ਜਾਂਚ ਦੀ ਮੰਗ ਕੀਤੀ ਹੈ।

ਵਿਦੇਸ਼ ਦਫ਼ਤਰ ਦੇ ਬੁਲਾਰੇ ਨੇ ਕਿਹਾ ਕਿ ਤਕਨੀਕੀ ਖ਼ਰਾਬੀ ਕਾਰਨ 9 ਮਾਰਚ ਨੂੰ ਭਾਰਤੀ ਮੂਲ ਦੀ ਮਿਜ਼ਾਈਲ ਨੂੰ ਪਾਕਿਸਤਾਨੀ ਖੇਤਰ ਵਿੱਚ ਦਾਗ਼ੀ ਜਾਣ ਉੱਤੇਪਾਕਿਸਤਾਨ ਨਾਲ ਭਾਰਤ ਨੇਅਫ਼ਸੋਸ ਪ੍ਰਗਟ ਕੀਤਾ ਹੈ, ਪਰਦੂਸਰੇ ਪਾਸੇ ਪਾਕਿਸਤਾਨ ਨੇ ਕੱਲ੍ਹ ਇੱਥੇ ਭਾਰਤ ਦੇ ਚਾਰਜ ਡੀ ਅਫ਼ੇਅਰਜ਼ ਨੂੰ ਤਲਬ ਕੀਤਾ ਤੇ ਭਾਰਤੀ ਮਿਜ਼ਾਈਲ ਦੀ ਆਪਣੇ ਹਵਾਈ ਖੇਤਰ ਵਿੱਚ ਬਿਨਾਂ ਭੜਕਾਹਟ ਦੇ ਉਲੰਘਣ ਉੱਤੇ ਸਖ਼ਤ ਵਿਰੋਧ ਕੀਤਾ।ਅਜਿਹੇ ਗੰਭੀਰ ਕੇਸ ਨੂੰ ਭਾਰਤੀ ਅਧਿਕਾਰੀਆਂ ਵੱਲੋਂ ਪੇਸ਼ ਕੀਤੇ ਸਪੱਸ਼ਟੀਕਰਨ ਨਾਲ ਹੱਲ ਨਹੀਂ ਕੀਤਾ ਜਾ ਸਕਦਾ, ਇਸ ਬਾਰੇ ਕੁਝ ਸਵਾਲਾਂ ਦੇ ਜਵਾਬ ਚਾਹੀਦੇ ਹਨ। ਕਿਉਂਕਿ ਮਿਜ਼ਾਈਲ ਪਾਕਿਸਤਾਨੀ ਖੇਤਰ ਵਿੱਚ ਡਿੱਗੀ ਸੀ, ਇਸ ਲਈ ਅਸੀਂ ਮਿਜ਼ਾਈਲ ਹਾਦਸੇ ਦੀ ਅੰਦਰੂਨੀ ਜਾਂਚ ਦੇ ਹੁਕਮਾਂ ਤੋਂ ਸੰਤੁਸ਼ਟ ਨਹੀਂ। ਉਨ੍ਹਾਂ ਸਹੀ ਢੰਗ ਨਾਲ ਸਾਂਝੀ ਜਾਂਚ ਦੀ ਮੰਗ ਕੀਤੀ। ਪਾਕਿਸਤਾਨੀ ਵਿਦੇਸ਼ ਦਫ਼ਤਰ ਨੇ ਕਿਹਾ ਕਿ ਭਾਰਤ ਨੂੰ ਦੁਰਘਟਨਾ ਵੱਸ ਮਿਜ਼ਾਈਲ ਲਾਂਚ ਤੇ ਘਟਨਾ ਦੀਆਂ ਵਿਸ਼ੇਸ਼ ਹਾਲਤਾਂ ਰੋਕਣ ਲਈ ਉਪਾਅ ਤੇ ਪ੍ਰਕਿਰਿਆ ਦੀ ਵਿਆਖਿਆ ਕਰਨੀ ਚਾਹੀਦੀ ਹੈ। ਭਾਰਤ ਨੂੰ ਪਾਕਿਸਤਾਨ ਵਿੱਚ ਡਿੱਗਣ ਵਾਲੀ ਮਿਜ਼ਾਈਲ ਦੀ ਕਿਸਮ ਤੇ ਵਿਸ਼ੇਸ਼ਤਾਵਾਂ ਨੂੰ ਸਪੱਸ਼ਟ ਤੌਰ ਉੱਤੇ ਦੱਸਣਾ ਚਾਹੀਦਾ ਹੈ। ਇਸ ਹਾਦਸੇ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਹੈ। ਪਾਕਿਸਤਾਨ ਨੇ ਇਸ ਮਾਮਲੇ ਬਾਰੇ ਕੌਮਾਂਤਰੀ ਭਾਈਚਾਰੇ ਨੂੰ ਵੀ ਜਾਣੂ ਕਰਵਾਇਆ ਹੈ।

# ਸਿੱਖਾਂ ਸਮੇਤ ਹਰ ਧਰਮ ਦੀਆਂ ਧਾਰਮਿਕ ਭਾਵਨਾਵਾਂ ਦਾ ਖਿਆਲ ਰੱਖੇ ਭਾਰਤ ਸਰਕਾਰ: ਧਾਮੀ

## ਦੇਸ਼ ਦੇ ਹਵਾਈ ਅੱਡਿਆਂ 'ਤੇ ਸਿੱਖਾਂ ਨੂੰ ਕਿਰਪਾਨ ਲਿਜਾਣ ਤੋਂ ਰੋਕਣ ਵਾਲੇ ਨੋਟੀਫਿਕੇਸ਼ਨ ਵਿਚ ਭਾਰਤ ਸਰਕਾਰ ਨੇ ਕੀਤੀ ਸੋਧ

ਅੰਮ੍ਰਿਤਸਰ, 14 ਮਾਰਚ (ਗਿਆਨ ਸਿੰਘ): ਭਾਰਤ ਸਰਕਾਰ ਵੱਲੋਂ ਦੇਸ਼ ਦੇ ਹਵਾਈ ਅੱਡਿਆਂ 'ਤੇ ਸਿੱਖ ਕਰਮਚਾਰੀਆਂ ਨੂੰ ਕਿਰਪਾਨ ਸਮੇਤ ਡਿਊਟੀ ਕਰਨ ਤੋਂ ਰੋਕਣ ਵਾਲਾ ਆਦੇਸ਼ ਵਾਪਸ ਲੈ ਲਿਆ ਗਿਆ ਹੈ। ਭਾਰਤ ਦੇ ਨਾਗਰਿਕ ਹਵਾਬਾਜ਼ੀ ਮੰਤਰਾਲੇ ਵੱਲੋਂ ਇਕ ਨੋਟੀਫਿਕੇਸ਼ਨ ਜਾਰੀ ਕਰਕੇ ਦੇਸ਼ ਭਰ ਵਿਚ ਹਵਾਈ ਅੱਡਿਆਂ 'ਤੇ ਅੰਮ੍ਰਿਤਧਾਰੀ ਸਿੱਖ ਕਰਮਚਾਰੀਆਂ ਨੂੰ ਕਿਰਪਾਨ ਪਾ ਕੇ ਡਿਊਟੀ ਕਰਨ ਤੋਂ ਵਰਜਿਆ ਗਿਆ ਸੀ, ਜਿਸ ਦਾ ਸ਼੍ਰੋਮਣੀ ਕਮੇਟੀ ਵੱਲੋਂ ਸਖ਼ਤ ਨੋਟਿਸ ਲਿਆ ਗਿਆ ਸੀ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਨਾਗਰਿਕ ਹਵਾਬਾਜ਼ੀ ਮੰਤਰੀ ਯਓਤੀਰਾਦਿੱਤਿਆ ਸਿੰਧੀਆ ਨੂੰ 9 ਮਾਰਚ ਨੂੰ ਪੱਤਰ ਲਿਖ ਕੇ ਸਖ਼ਤ ਇਤਰਾਜ਼ ਪ੍ਰਗਟ ਕਰਦਿਆਂ ਕਿਹਾ ਸੀ ਕਿ ਇਹ ਸਿੱਖਾਂ ਦੀ ਧਾਰਮਿਕ ਅਜ਼ਾਦੀ 'ਤੇ ਸਿੱਧਾ ਹਮਲਾ ਹੈ, ਲਿਹਾਜ਼ਾ ਇਸ ਨੋਟੀਫਿਕੇਸ਼ਨ ਨੂੰ ਤੁਰੰਤ ਵਾਪਸ ਲਿਆ ਜਾਵੇ। ਭਾਰਤ ਸਰਕਾਰ ਵੱਲੋਂ ਜਾਰੀ ਸੋਧ ਆਦੇਸ਼ ਨੂੰ ਲੈ ਕੇ ਐਡਵੋਕੇਟ ਧਾਮੀ ਨੇ ਕਿਹਾ ਕਿ ਭਾਵੇਂ ਸਰਕੂਲਰ ਵਿਚ ਸੋਧ ਕਰਨਾ ਚੰਗੀ ਗੱਲ ਹੈ, ਪਰ ਅਜਿਹਾ ਨੋਟੀਫਿਕੇਸ਼ਨ ਜਾਰੀ ਕਰਨ ਤੋਂ ਪਹਿਲਾਂ ਭਾਰਤ ਸਰਕਾਰ ਨੂੰ ਜ਼ਰੂਰ ਸੋਚਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਸਿੱਖ ਭਾਰਤ ਲਈ ਹਮੇਸ਼ਾ ਲੜ੍ਹਦੇ ਤੇ ਸ਼ਹੀਦੀਆਂ ਦਿੰਦੇ ਰਹੇ ਹਨ ਅਤੇ ਸਰਕਾਰਾਂ ਨੂੰ ਵੀ ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਦੇਸ਼ ਦਾ ਸੱਭਿਆਚਾਰ ਸਿੱਖਾਂ ਦੀਆਂ ਕੁਰਬਾਨੀਆਂ ਕਰਕੇ ਹੀ ਸੰਜੀਵ ਹੈ। ਐਡਵੋਕੇਟ ਧਾਮੀ ਨੇ ਭਾਰਤ ਸਰਕਾਰ ਨੂੰ ਕਿਹਾ ਕਿ ਅੱਗੇ ਤੋਂ ਇਹ ਖ਼ਿਆਲ ਰੱਖਿਆ ਜਾਵੇ ਕਿ ਸਿੱਖਾਂ ਸਮੇਤ ਕਿਸੇ ਵੀ ਧਰਮ ਦੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਕਾਰਵਾਈ ਨਾ ਕੀਤੀ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਦੇਸ਼ ਅੰਦਰ ਵਸਦਾ ਹਰ ਨਾਗਰਿਕ ਧਾਰਮਿਕ ਅਜ਼ਾਦੀ ਦਾ ਅਧਿਕਾਰ ਰੱਖਦਾ ਹੈ।

# ਕਤਲ ਕੇਸ ਵਿੱਚ ਜ਼ਮਾਨਤ ਉੱਤੇ ਆਏ ਦੋਸ਼ੀ ਨੇ ਮਹਿਲਾ ਵਕੀਲ ਉੱਤੇ ਤੇਜ਼ਾਬ ਸੁੱਟਿਆ

ਅੰਮ੍ਰਿਤਸਰ, 14 ਮਾਰਚ (ਪੋਸਟ ਬਿਊਰੋ)- ਮਜੀਠਾ ਜ਼ਿਲ੍ਹੇ ਵਿੱਚ ਹੱਤਿਆ ਅਤੇ ਨਸ਼ਾ ਤਸਕਰੀ ਦੇ ਮਾਮਲੇ ਵਿੱਚ ਜੇਲ੍ਹ ਤੋਂ ਜਮਾਨਤ ਉੱਤੇ ਛੁੱਟੇ ਦੋਸ਼ੀ ਕਰਣ ਨੇ ਮਜੀਠਾ ਦੇ ਇੱਕ ਪਿੰਡ ਵਿੱਚ ਮਹਿਲਾ ਵਕੀਲ ਉੱਤੇ ਤੇਜ਼ਾਬ ਦੀ ਬੋਤਲ ਸੁੱਟ ਦਿੱਤੀ, ਪਰ ਉਹ ਇਸ ਦੇ ਜ਼ਿਆਦਾ ਪ੍ਰਭਾਵ ਤੋਂ ਬਚ ਗਈ ਹੈ। ਮਹਿਲਾ ਵਕੀਲ ਆਪਣੀ ਪੜ੍ਹਾਈ ਪੂਰੀ ਕਰਨ ਪਿੱਛੋਂ ਪੰਜਾਬ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਵਿੱਚ ਪ੍ਰੈਕਟਿਸ ਕਰਦੀ ਹੈ।ਉਸ ਉੱਤੇ ਦੋਸ਼ੀ ਵੱਲੋਂ ਸੁੱਟਿਆ ਤੇਜ਼ਾਬ ਉਸ ਦੇ ਮੂੰਹ ਉੱਤੇ ਨਹੀਂ ਡਿੱਗਿਆ, ਕਿਉਂਕਿ ਉਸ ਨੇ ਆਪਣੀ ਬਾਂਹ ਅੱਗੇ ਕਰ ਲਈ ਸੀ ਤੇ ਤੇਜ਼ਾਬ ਉਸਦੀ ਜੈਕੇਟ ਉੱਤੇ ਡਿੱਗਾ ਸੀ। ਇਸ ਵਾਰਦਾਤ ਤੋਂ ਬਾਅਦ ਬਾਈਕ ਸਵਾਰ ਦੋਨੋਂ ਦੋਸ਼ੀ ਮਹਿਲਾ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਦਿੰਦੇ ਫਰਾਰ ਹੋ ਗਏ।ਫਤਿਹਗੜ੍ਹ ਚੂੜੀਆਂ ਦੀ ਪ੍ਰਿਆ ਨੇ ਦੱਸਿਆ ਕਿ ਉਹ ਆਪਣੇ ਭਰਾ ਨਾਲ ਮੋਟਰਸਾਈਕਲ ਉੱਤੇ ਕਿਸੇ ਰਿਸ਼ਤੇਦਾਰ ਦੇ ਘਰੋਂ ਆ ਰਹੀ ਸੀ। ਜਦੋਂ ਉਹ ਪਿੰਡ ਮਹਿੰਦੀਪੁਰਾ ਨੇੜੇ ਪਹੁੰਚੇ ਤਾਂ ਪਿੱਛੋਂ ਇੱਕ ਮੋਟਰਸਾਈਕਲ ਉੱਤੇ ਦੋ ਨੌਜਵਾਨ (ਜਿਨ੍ਹਾਂ ਵਿੱਚੋਂ ਕਰਣ ਨੂੰ ਉਹ ਜਾਣਦੀ ਹੈ) ਆਏ ਤੇ ਕਰਣ ਨੇ ਉਸਦਾ ਨਾਮ ਲੈ ਕੇ ਤੇਜ਼ਾਬ ਦੀ ਬੋਤਲ ਉਸ ਦੇ ਮੂੰਹ ਉੱਤੇ ਸੁੱਟ ਦਿੱਤੀ।

# 12ਵੀਂ ਹਾਕੀ ਇੰਡੀਆ ਕੌਮੀ ਜੂਨੀਅਰ ਮਹਿਲਾ ਹਾਕੀ ਚੈਂਪੀਅਨਸ਼ਿਪ

## ਮਨਪ੍ਰੀਤ ਕੌਰ ਕਰੇਗੀ ਪੰਜਾਬ ਟੀਮ ਦੀ ਕਪਤਾਨੀ





ਪੰਜਾਬ ਮਹਿਲਾ ਹਾਕੀ ਟੀਮ ਦੇ ਮੈਂਬਰ, ਹਾਕੀ ਪੰਜਾਬ ਦੀ ਐਡਹਾਕ ਕਮੇਟੀ ਦੇ ਮੈਂਬਰ ਬਲਵਿੰਦਰ ਸਿੰਘ ਸ਼ੰਮੀ ਅਤੇ ਹੋਰ ਨਾਲ ਦਿਖਾਈ ਦੇ ਰਿਹਾ ਹਨ।

ਜਲੰਧਰ, 14 ਮਾਰਚ (ਗਿਆਨ ਸਿੰਘ): ਅੰਮ੍ਰਿਤਸਰ ਜਿਲ੍ਹੇ ਦੀ ਮਨਪ੍ਰੀਤ ਕੌਰ, 23 ਮਾਰਚ ਤੋਂ ਆਂਧਰਾ ਪ੍ਰਦੇਸ਼ ਵਿਖੇ ਸੁਰੂ ਹੋਣ ਵਾਲੀ 12ਵੀਂ ਹਾਕੀ ਇੰਡੀਆ ਕੌਮੀ ਜੂਨੀਅਰ ਮਹਿਲਾ ਹਾਕੀ ਚੈਂਪੀਅਨਸ਼ਿਪ ਵਿਚ ਭਾਗ ਲੈਣ ਵਾਲੀ ਪੰਜਾਬ ਮਹਿਲਾ ਹਾਕੀ ਟੀਮ ਦੀ ਕਪਤਾਨੀ ਕਰੇਗੀ ।

ਭਾਰਤ ਵਿਚ ਹਾਕੀ ਦੀ ਸਿਰਮੌਰ ਸੰਸਥਾ ਹਾਕੀ ਇੰਡੀਆ ਵਲੋਂ ਹਾਕੀ ਪੰਜਾਬ ਨੂੰ ਮੁਅੱਤਲ ਕਰਨ ਉਪਰੰਤ ਨਿਯੁਕਤ ਕੀਤੀ ਹਾਕੀ ਪੰਜਾਬ ਦੀ ਐਡਹੱਕ ਕਮੇਟੀ ਦੇ ਮੈਂਬਰ ਓਲੰਪੀਅਨ ਬਲਵਿੰਦਰ ਸਿੰਘ ਸ਼ੰਮੀ ਅਨੁਸਾਰ 23 ਮਾਰਚ ਤੋਂ 3 ਅਪ੍ਰੈਲ, 2022 ਤਕ ਕਾਕੀਨਾਡਾ (ਆਂਧਰਾ ਪ੍ਰਦੇਸ਼) ਵਿਖੇ ਹੋਣ ਵਾਲੀ 12ਵੀਂ ਹਾਕੀ ਇੰਡੀਆ ਕੌਮੀ ਜੂਨੀਅਰ ਮਹਿਲਾ ਹਾਕੀ ਚੈਂਪੀਅਨਸ਼ਿਪ ਲਈ ਪੰਜਾਬ ਮਹਿਲਾ ਹਾਕੀ ਟੀਮ ਦੀ ਅਗਵਾਈ ਅੰਮ੍ਰਿਤਸਰ ਜਿਲ੍ਹੇ ਦੀ ਮਨਪ੍ਰੀਤ ਕੌਰ ਕਰੇਗੀ । ਉਹਨਾਂ ਅਨੁਸਾਰ ਪੰਜਾਬ ਜੂਨੀਅਰ ਮਹਿਲਾ ਹਾਕੀ ਟੀਮ ਵਿਚ ਕ੍ਰਮਵਾਰ ਸ਼ਰਨਜੀਤ ਕੌਰ, ਮਨਪ੍ਰੀਤ ਕੌਰ, ਅਮਰੀਨ ਹਾਮਿਦ, ਚੇਵਾਂਗ ਤਮਾਂਗ, ਵੈਸ਼ਾਲੀ ਸ਼ਰਮਾ, ਅਮਨਦੀਪ ਕੌਰ, ਸਨੇਹਾ ਸੱਭਰਵਾਲ, ਅੰਜਲੀ ਪੰਵਰ, ਸੁਖਜੀਤ ਕੌਰ ਅਤੇ ਮੇਘਾ (ਸਾਰੇ ਅੰਮ੍ਰਿਤਸਰ), ਮਹਿਕਪ੍ਰੀਤ ਕੌਰ ਅਤੇ ਸੋਮਾ (ਦੋਵੇਂ ਐਲ.ਪੀ.ਯੂ.), ਮਿਤਾਲੀ (ਵਾਈਸ ਕੈਪਟਨ-ਬਠਿੰਡਾ), ਸੁਖਪ੍ਰੀਤ ਕੌਰ (ਪੀ.ਆਈ.ਐਸ. ਬਾਦਲ), ਸਵੀਨਾ ਰਾਣੀ ਅਤੇ ਮੁਸਕਾਨਪ੍ਰੀਤ (ਦੋਵੇਂ ਮੁਹਾਲੀ) ਨੂੰ ਸ਼ਮਿਲ ਕੀਤਾ ਗਿਆ ਹੈ ਜਦੋਂਕਿ ਅਮਰਜੀਤ ਸਿੰਘ ਪੰਜਾਬ ਟੀਮ ਦੇ ਕੋਚ ਹੋਣਗੇ।

ਇਸੇ ਦੌਰਾਨ ਹਾਕੀ ਇੰਡੀਅਨ ਨੇ ਮੁਅੱਤਲ ਸੁਦਾ ਹਾਕੀ ਪੰਜਾਬ ਦੇ ਪ੍ਰਧਾਨ ਨਿਤਿਨ ਕੋਹਲੀ ਅਤੇ ਸਕੱਤਰ ਓਲੰਪੀਅਨ ਪਰਗਟ ਸਿੰਘ ਨੂੰ ਹਾਕੀ ਇੰਡੀਆ ਵੱਲੋਂ ਨਿਯੁਕਤ ਤਿੰਨ ਮੈਂਬਰੀ ਐਡਹਾਕ ਕਮੇਟੀ ਦੇ ਚੈਅਰਮੈਨ ਭੋਲਾ ਨਾਥ ਸਿੰਘ ਵਲੋਂ ਕੌਮੀ ਚੈਂਪੀਅਨਸ਼ਿਪ ਵਿਚ ਭਾਗ ਲੈਣ ਵਾਲੀਆਂ ਟੀਮਾਂ ਦੀ ਸ਼ਮੂਲੀਅਤ ਲਈ ਪ੍ਰੋਟੋਕੋਲ ਮੁਤਾਬਕ ਲੋੜੀਦੀਆਂ ਫਾਰਮੈਲਟੀਜ਼ ਪੂਰੀਆਂ ਕਰਨ ਲਈ ਐਡਹੱਕ ਕਮੇਟੀ ਦੇ ਮੈਂਬਰ ਓਲੰਪੀਅਨ ਬਲਵਿੰਦਰ ਸਿੰਘ ਸ਼ੰਮੀ ਨਾਲ ਤਾਲਮੇਲ ਕਰਨ ਲਈ ਕਿਹਾ ਗਿਆ ਹੈ।


Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca



ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?



BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੂਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ



ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

-Collection Calls
-Personal Taxes
-GST/HST

-Credit Card Debts
-Personal Loans
-Pay Day Loans
-Student Loans

-Wage Garnishment
-Writ on your property
-Frozen Bank Accounts

CONTACT US:
Goma Sandhu
(416)-731-6382
gomasandhu@hotmail.com



WE HELP...
-Save your Assets
-Avoid Bankruptcy
-Small monthly payments
-Rebuild your credit

YOUR DEBT $ MY SOLUTION

# ਫੋਨ ਟੈਪ ਕੇਸ ਵਿੱਚ ਸਾਬਕਾ ਮੁੱਖ ਮੰਤਰੀ ਫੜਨਵੀਸ ਦੇ ਬਿਆਨ ਦਰਜ

ਮੁੰਬਈ, 14 ਮਾਰਚ (ਪੋਸਟ ਬਿਊਰੋ)- ਇਥੇ ਸਾਈਬਰ ਪੁਲਸ ਨੇ ਫੋਨ ਟੈਪਿੰਗ ਕੇਸ ਵਿੱਚ ਸੀਨੀਅਰ ਭਾਜਪਾ ਆਗੂ ਅਤੇ ਸਾਬਕਾ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੇ ਬਿਆਨ ਦਰਜ ਕੀਤੇ ਹਨ। ਪੁਲਸ ਟੀਮ ਨੇ ਕੱਲ੍ਹ ਫੜਨਵੀਸ ਦੇ ਘਰ ਜਾ ਕੇ ਦੋ ਘੰਟੇ ਉਨ੍ਹਾਂ ਦੇ ਬਿਆਨ ਦਰਜ ਕੀਤੇ। ਇਹ ਕੇਸ ਗੈਰ ਕਾਨੂੰਨੀ ਢੰਗ ਨਾਲ ਫੋਨ ਟੈਪਿੰਗ ਨਾਲ ਜੁੜਿਆ ਹੋਇਆ ਹੈ। ਆਈ ਪੀ ਐਸ ਅਧਿਕਾਰੀ ਰਸ਼ਮੀ ਸ਼ੁਕਲਾਜਦੋਂ ਇਸ ਰਾਜ ਦੇ ਖੁਫੀਆ ਵਿਭਾਗ (ਐਸ ਆਈ ਡੀ) ਦੀ ਮੁਖੀ ਹੁੰਦੀ ਸੀ, ਓਦੋਂ ਉਸ ਉੱਤੇ ਸਿਆਸੀ ਆਗੂਆਂ ਅਤੇ ਸੀਨੀਅਰ ਅਫਸਰਾਂ ਦੇ ਫੋਨ ਰਿਕਾਰਡ ਕਰਨ ਦਾ ਦੋਸ਼ ਹੈ। ਵਰਨਣ ਯੋਗ ਹੈ ਕਿ ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਰਸ਼ਮੀ ਵੱਲੋਂ ਲਿਖੇ ਪੱਤਰ ਦਾ ਹਵਾਲਾ ਦਿੱਤਾ ਹੈ, ਜੋ ਉਸ ਆਈ ਪੀ ਐਸ ਅਧਿਕਾਰੀ ਨੇ ਉਸ ਵਕਤ ਵਾਲੇ ਡੀ ਜੀ ਪੀ ਨੂੰ ਪੁਲਸ ਅਧਿਕਾਰੀਆਂ ਦੇ ਤਬਾਦਲਿਆਂ ਵਿੱਚ ਰਿਸ਼ਵਤਖੋਰੀ ਬਾਰੇ ਲਿਖਿਆ ਸੀ। ਪੱਤਰ ਵਿੱਚ ਕਈ ਫੋਨ ਕਾਲਾਂ ਦੇ ਹਵਾਲੇ ਸਨ, ਜਿਸ ਤੋਂ ਬਾਅਦ ਹੰਗਾਮਾ ਹੋ ਗਿਆ ਤੇ ਸ਼ਿਵ ਸੈਨਾ ਦੀ ਅਗਵਾਈ ਵਾਲੀ ਹਾਕਮ ਧਿਰ ਨੇ ਦੋਸ਼ ਲਾਇਆ ਸੀ ਕਿ ਸ਼ੁਕਲਾ ਨੇ ਬਿਨਾਂ ਇਜਾਜ਼ਤ ਫੋਨ ਟੈਪ ਕੀਤੇ ਹਨ। ਐਸ ਆਈ ਟੀ ਵੱਲੋਂ ਦਿੱਤੀ ਸ਼ਿਕਾਇਤ ਉੱਤੇ ਸਰਕਾਰੀ ਭੇਦ ਗੁਪਤ ਰੱਖਣ ਬਾਰੇ ਕਾਨੂੰਨ ਤਹਿਤ ਅਣਪਛਾਤਿਆਂ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਸੀ। ਸ਼ਿਕਾਇਤ ਦਰਜ ਹੋਣ ਤੋਂ ਪਹਿਲਾਂ ਮਹਾਰਾਸ਼ਟਰ ਦੇ ਚੀਫ ਸੈਕਟਰੀ ਨੇ ਆਪਣੀ ਜਾਂਚ ਰਿਪੋਰਟ ਵਿੱਚ ਸ਼ੁਕਲਾ ਦੀ ਜ਼ਿੰਮੇਵਾਰੀ ਤੈਅ ਕੀਤੀ ਸੀ।

ਕੱਲ੍ਹ ਪੁਲਸ ਦੇ ਜਾਣ ਦੇ ਵਕਤ ਦੇਵੇਂਦਰ ਫੜਨਵੀਸ ਦੇ ਘਰ ਦੇ ਬਾਹਰ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ ਜਿੱਥੇ ਵੱਡੀ ਗਿਣਤੀ ਵਿੱਚਭਾਜਪਾ ਆਗੂ ਆਏ ਹੋਏ ਸਨ। ਇਸ ਮੌਕੇ ਵਿਧਾਇਕ ਨਿਤੇਸ਼ ਰਾਣੇ, ਪ੍ਰਕਾਸ਼ ਲਾਡ ਤੇ ਪ੍ਰਵੀਨ ਦਾਰੇਕਰ ਹਾਜ਼ਰ ਸਨ। ਭਾਜਪਾ ਵਰਕਰਾਂ ਨੇ ਪੂਰੇ ਰਾਜ ਵਿੱਚ ਵੱਖ-ਵੱਖ ਥਾਈਂ ਰੋਸ ਮੁਜ਼ਾਹਰੇ ਵੀ ਕੀਤੇ। ਸੂਬਾਈ ਵਿਧਾਨ ਪ੍ਰੀਸ਼ਦ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਵੀਨ ਦਾਰੇਕਰ ਨੇ ਕਿਹਾ ਕਿ ਫੜਨਵੀਸ ਨੇ ਤਬਾਦਲਿਆਂ ਲਈ ਚੱਲਦੀ ਰਿਸ਼ਵਤ ਦੀ ਗੱਲ ਸਾਹਮਣੇ ਲਿਆਂਦੀ ਸੀ ਤੇ ਰਾਜ ਸਰਕਾਰ ਉਨ੍ਹਾਂ ਉਤੇ ਹੀ ਦੋਸ਼ ਲਾਉਣ ਤੁਰ ਪਈ ਹੈ। ਭਾਜਪਾ ਦੇ ਵਿਰੋਧ ਉੱਤੇ ਸ਼ਿਵ ਸੈਨਾ ਨੇ ਪਾਰਲੀਮੈਂਟ ਮੈਂਬਰ ਸੰਜੇ ਰਾਊਤ ਨੇ ਟਵੀਟ ਕੀਤਾ ਕਿ “ਕੁਝ ਲੋਕ ਤੇ ਸਿਆਸੀ ਧਿਰਾਂ ਖੁਦ ਨੂੰ ਕਾਨੂੰਨ ਤੋਂ ਉਪਰ ਕਿਉਂ ਸਮਝਦੇ ਹਨ? ਕੇਂਦਰੀ ਏਜੰਸੀਆਂ ਨੇ ਮਹਾਰਾਸ਼ਟਰ ਦੇ ਕਈ ਮੰਤਰੀਆਂ ਤੇ ਲੋਕ ਪ੍ਰਤੀਨਿਧੀਆਂ ਨੂੰ ਸਿਆਸੀ ਬਦਲਾਖੋਰੀ ਲਈ ਪੁੱਛਗਿੱਛ ਲਈ ਸੱਦਿਆ ਹੈ ਤੇ ਉਹ ਪੇਸ਼ ਹੋਏ ਹਨ, ਲੋਕਤੰਤਰ ਵਿੱਚ ਕਿਸੇ ਕੋਲ ਕੋਈ ਵਿਸ਼ੇਸ਼ ਅਧਿਕਾਰ ਨਹੀਂ ਹੈ। ਕਾਨੂੰਨ ਅੱਗੇ ਸਾਰੇ ਬਰਾਬਰ ਹਨ।”

ਦੂਸਰੇ ਪਾਸੇ ਮੁੰਬਈ ਪੁਲਸ ਨੇ ਮਹਾਰਾਸ਼ਟਰ ਦੇ ਭਾਜਪਾ ਵਿਧਾਇਕ ਨਿਤੇਸ਼ ਰਾਣੇ ਤੇ ਉਸ ਦੇ ਭਰਾ ਨਿਲੇਸ਼ ਰਾਣੇ ਖਿਲਾਫ ਸ਼ਿਕਾਇਤ ਦਰਜ ਕੀਤੀ ਹੈ। ਉਨ੍ਹਾਂ ਉੱਤੇ ਐਨ ਸੀ ਪੀ ਪ੍ਰਧਾਨ ਸ਼ਰਦ ਪਵਰ ਖਿਲਾਫ ਟਿੱਪਣੀਆਂ ਦਾ ਦੋਸ਼ ਹੈ।

# ਸ਼ੁਵੇਂਦੂ ਨੇ ਮਮਤਾ ਨੂੰ ਬੇਈਮਾਨੀ ਨਾਲ ਹਰਾਇਆ : ਮਜੂਮਦਾਰ

ਕੋਲਕਾਤਾ, 14 ਮਾਰਚ (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ ਤੋਂ ਤ੍ਰਿਣਮੂਲ ਕਾਂਗਰਸ ਵਿੱਚ ਆਉਣ ਤੋਂ ਕੁਝ ਦਿਨ ਬਾਅਦ ਸੀਨੀਅਰ ਆਗੂ ਜੌਇ ਪ੍ਰਕਾਸ਼ ਮਜੂਮਦਾਰ ਨੇ ਇਹ ਕਹਿ ਕੇ ਵਿਵਾਦ ਖੜ੍ਹਾ ਕਰ ਦਿੱਤਾ ਹੈ ਕਿ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਵਿੱਚ ਵਿਰੋਧੀ ਧਿਰ ਦੇ ਨੇਤਾ ਸ਼ੁਵੇਂਦੂ ਅਧਿਕਾਰੀ ਨੇ ਪਿਛਲੇ ਸਾਲ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਨੰਦੀਗ੍ਰਾਮ ਤੋਂ ਨਿਰਪੱਖ ਢੰਗ ਨਾਲ ਜਿੱਤ ਹਾਸਲ ਨਹੀਂ ਕੀਤੀ ਸੀ।

ਵਰਨਣ ਯੋਗ ਹੈ ਕਿ ਜੌਇ ਪ੍ਰਕਾਸ਼ ਮਜੂਮਦਾਰ ਨੂੰ ਜਨਵਰੀ ਦੇ ਆਖਰੀ ਹਫਤੇ ਵਿੱਚ ਭਾਰਤ ਜਨਤਾ ਪਾਰਟੀ ਵੱਲੋਂ ਪਾਰਟੀ ਵਿਰੋਧੀ ਗਤੀਵਿਧੀਆਂ ਕਾਰਨ ਸਸਪੈਂਡ ਕੀਤਾ ਗਿਆ ਸੀ। ਉਨ੍ਹਾਂ ਦਾਅਵਾ ਕੀਤਾ ਕਿ ਮਮਤਾ ਬੈਨਰਜੀ ਨੂੰ ਸ਼ੁਰੂ ਵਿੱਚ ਪੂਰਬੀ ਮੇਦਨੀਪੁਰ ਚੋਣ ਹਲਕੇ ਤੋਂ ਜੇਤੂ ਐਲਾਨਿਆ ਜਾ ਰਿਹਾ ਸੀ, ਪਰ ਕੁਝ ਘੰਟੇ ਬਾਅਦ ਸ਼ੁਵੇਂਦੂ ਅਧਿਕਾਰੀ ਨੇ ਇਹ ਸੀਟ ਕਿਵੇਂ ਜਿੱਤੀ, ਇਹ ਹੈਰਾਨ ਕਰਨ ਵਾਲੀ ਗੱਲ ਸੀ। ਤ੍ਰਿਣਮੂਲ ਕਾਂਗਰਸ ਦੇ ਨਵੇਂ ਨਿਯੁਕਤ ਉਪ ਪ੍ਰਧਾਨਜੌਇ ਪ੍ਰਕਾਸ਼ ਮਜੂਮਦਾਰ ਕਿਸੇ ਸਮੇਂ ਮਮਤਾ ਬੈਨਰਜੀ ਦੇ ਕੱਟੜ ਆਲੋਚਕ ਸਨ। ਉਨ੍ਹਾਂ ਨੇ ਪੱਤਰਕਾਰਾਂ ਨੂੰ ਕਿਹਾ, “ਮੈਨੂੰ ਯਾਦ ਹੈ ਕਿ ਸ਼ੁਵੇਂਦੂ ਨੇ ਦੋ ਮਈ ਦੀ ਰਾਤ ਕਿਹਾ ਸੀ ਕਿ ਨੰਦੀਗ੍ਰਾਮ ਜਿੱਤਣ ਲਈ ਉਨ੍ਹਾਂ ਨੂੰ ਹਰ ਹਥਕੰਡਾ ਵਰਤਣਾ ਪਵੇਗਾ।"ਮਜੂਮਦਾਰ ਨੇ ਕਿਹਾ, “ਨੰਦੀਗ੍ਰਾਮ ਵਿੱਚ ਵੋਟਾਂ ਦੀ ਗਿਣਤੀ ਪਾਰਦਰਸ਼ੀ ਨਹੀਂ ਸੀ ਅਤੇ ਹੱਥ ਦੀ ਸਫਾਈ ਨਾਲ ਸ਼ੁਵੇਂਦੂ ਨੇ ਅਚਾਨਕ ਮਮਤਾ ਬੈਨਰਜੀ ਨੂੰ ਪਛਾੜ ਦਿੱਤਾ ਸੀ, ਜਿਨ੍ਹਾਂ ਨੂੰ ਸ਼ੁਰੂ ਵਿੱਚ ਜੇਤੂ ਐਲਾਨਿਆ ਜਾ ਚੁੱਕਾ ਸੀ।"

# ਯੂਕਰੇਨ ਤੋਂ ਪਰਤੇ ਵਿਦਿਆਰਥੀਆਂ ਦੀ ਪੜ੍ਹਾਈ ਜਾਰੀ ਰੱਖਣ ਲਈ ਪਟੀਸ਼ਨ ਦਾਇਰ

ਨਵੀਂ ਦਿੱਲੀ, 14 ਮਾਰਚ (ਪੋਸਟ ਬਿਊਰੋ)- ਸੁਪਰੀਮ ਕੋਰਟ ਵਿੱਚ ਇੱਕ ਜਨਹਿਤ ਪਟੀਸ਼ਨ ਦਾਖ਼ਲ ਕੀਤੀ ਗਈ ਹੈ ਜਿਸ ਵਿੱਚ ਜੰਗ ਪ੍ਰਭਾਵਤ ਯੂਕਰੇਨ ਤੋਂ ਲਿਆਂਦੇ ਮੈਡੀਕਲ ਵਿਦਿਆਰਥੀਆਂ ਦੇ ਦੇਸ਼ ਵਿੱਚ ਦਾਖ਼ਲੇ ਤੇ ਉਨ੍ਹਾਂ ਦੀ ਪੜ੍ਹਾਈ ਜਾਰੀ ਰੱਖਣ ਦੇ ਮੁੱਦੇ ਉੱਤੇ ਨਿਰਦੇਸ਼ ਦਿੱਤੇ ਜਾਣ ਦੀ ਮੰਗ ਕੀਤੀ ਗਈ ਹੈ।

ਇਸ ਪਟੀਸ਼ਨ ਵਿੱਚ ਉਨ੍ਹਾਂ ਨੂੰ ਭਾਰਤੀ ਸਿਲੇਬਸ ਵਿੱਚ ਦਾਖ਼ਲਾ ਦੇਣ ਲਈ ਮੈਡੀਕਲ ਸਬਜੈਕਟ ਇਕਿਉਵੈਲੇਂਸੀ ਓਰੀਏਂਟਸ਼ਨ ਪ੍ਰੋਗਰਾਮ ਪੇਸ਼ ਕਰਨ ਦੀ ਮੰਗ ਕੀਤੀ ਗਈ ਹੈ। ਬੁਲਾਰੇ ਰਾਣਾ ਸੰਦੀਪ ਬੁੱਸਾ ਅਤੇ ਹੋਰਨਾਂ ਵੱਲੋਂ ਦਾਖ਼ਲ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਉਨ੍ਹਾਂ ਨੇ ਆਰਟੀਕਲ-21 ਹੇਠ ਜੀਵਨ ਦੀ ਸੁਰੱਖਿਆ ਤੇ ਨਿੱਜੀ ਆਜ਼ਾਦੀ ਦੇ



ਮੌਲਿਕ ਅਧਿਕਾਰ ਨੂੰ ਲਾਗੂ ਕਰਨ ਦੀ ਮੰਗ ਕੀਤੀ ਹੈ। ਰੂਸ ਤੇ ਯੂਕਰੇਨ ਦੀ ਜੰਗ ਸ਼ੁਰੂ ਹੋਣ ਤੇ ਯੂਕਰੇਨ ਦੇ ਵਿਦਿਆਰਥੀਆਂ ਦੇ ਪਰਤਣ ਤੋਂ ਬਾਅਦ ਹਾਈ ਕੋਰਟਾਂ ਤੇ ਸੁਪਰੀਮ ਕੋਰਟ ਵਿੱਚ ਕਈ ਪਟੀਸ਼ਨਾਂ ਦਾਖ਼ਲ ਹੋਈਆਂ ਹਨ ਜਿਨ੍ਹਾਂ ਵਿੱਚ ਇਨ੍ਹਾਂ ਵਿਦਿਆਰਥੀਆਂ ਦੀ ਪੜ੍ਹਾਈ ਜਾਰੀ ਰੱਖਣ ਵਿੱਚ ਮਦਦ ਲਈ ਕੇਂਦਰ ਨੂੰ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਹੈ। ਇਸ ਸਬੰਧੀ ਇੱਕ ਪਟੀਸ਼ਨ ਪ੍ਰਵਾਸੀ ਲੀਗਲ ਸੈਲ ਨੇ ਦਿੱਲੀ ਹਾਈ ਕੋਰਟ ਵਿੱਚ ਵੀ ਦਾਖ਼ਲ ਕੀਤੀ ਹੈ।

# ਬੰਗਾਲੀ ਅਦਾਕਾਰਾ ਰੂਪਾ ਦੱਤਾ ਪਰਸ ਚੋਰੀ ਦੇ ਦੋਸ਼ ਵਿੱਚ ਗ੍ਰਿਫ਼ਤਾਰ

ਕੋਲਕਾਤਾ, 14 ਮਾਰਚ (ਪੋਸਟ ਬਿਊਰੋ)- ਬੰਗਾਲੀ ਫ਼ਿਲਮ ਇੰਡਸਟ੍ਰੀ ਦੀ ਮਸ਼ਹੂਰ ਅਦਾਕਾਰਾ ਰੂਪਾ ਦੱਤਾ ਨੂੰ ਪੁਲਸ ਨੇ ਝਪਟਮਾਰੀ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਅਤੇ ਕਾਨੂੰਨੀ ਕਾਰਵਾਈ ਚੱਲ ਰਹੀ ਹੈ। ਇਹ ਘਟਨਾ ਕੋਲਕਾਤਾ ਅੰਤਰਰਾਸ਼ਟਰੀ ਪੁਸਤਕ ਮੇਲੇ ਗਈ ਹੈ। ਸੂਤਰਾਂ ਮੁਤਾਬਕ ਕੱਲ੍ਹ ਓਦੋਂਇਹ ਪਤਾ ਲੱਗਾ,ਜਦ ਇੱਕ ਔਰਤ ਕੂੜੇਦਾਨ ਵਿੱਚ ਬੈਗ ਸੁੱਟ ਰਹੀ ਸੀ। ਜਾਂਚ ਵਿੱਚਭੇਦ ਖੁੱਲ੍ਹਾ ਤਾਂਔਰਤ ਕੋਲੋਂ ਕਾਫ਼ੀ ਨਕਦੀ ਫੜ੍ਹੀ ਗਈ ਹੈ। ਤਲਾਸ਼ੀ ਦੌਰਾਨ ਪੁਲਸ ਨੂੰ ਕਈ ਹੋਰ ਵੀ ਪਰਸ ਮਿਲੇ। ਜਾਂਚ ਵਿੱਚ ਉਕਤ ਅਦਾਕਾਰਾ ਨੇ ਕਬੂਲਿਆ ਕਿ ਉਹ ਵੱਖ-ਵੱਖ ਥਾਵਾਂ ਉੱਤੇ ਜਾ ਕੇ ਏਦਾਂਹੀ ਮੇਲਿਆਂ, ਪ੍ਰੋਗਰਾਮਾਂ ਅਤੇ ਭੀੜ ਵਿੱਚ ਪਰਸ ਚੋਰੀ ਕਰਦੀ ਹੈ। ਖ਼ਬਰ ਅਨੁਸਾਰ ਉਸ ਕੋਲੋਂ ਕਰੀਬ 75 ਹਜ਼ਾਰ ਰੁਪਏ ਦੀ ਨਕਦੀ ਮਿਲੀ ਹੈ। ਰੂਪਾ ਦੱਤਾ ਨੇ ਬਾਲੀਵੁੱਡ ਦੇ ਫ਼ਿਲਮ ਨਿਰਮਾਤਾ ਅਨੁਰਾਗ ਕਸ਼ਯਪ ਉੱਤੇ ਵੀ ਕਈ ਸਾਲ ਪਹਿਲਾਂ ਜਿਨਸ਼ੀ ਸ਼ੋਸ਼ਣ ਦਾ ਦੋਸ਼ ਲਗਾਇਆ ਸੀ।







## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ ’ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







## ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5’’8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013







## ਲੜਕੀ ਦੀ ਲੋੜ

Looking for a Suitable match for Khatri Pu[illegible] 36 yrs old 5,6.Boy have multiple Visitor V[illegible] Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen
Contact on 6473004877
Email :› komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ ’ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5’11’’ ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9’’, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5’9’’ ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013




## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੇ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ [illegible] ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ [illegible] ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। [illegible] ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2’’ ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ ’ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com









